


COPPERSTONE
AT COPPERFIELD

# ਆਪਣਾ ਘਰ ਆਪਣੇ ਢੰਗ ਨਾਲ ਬਣਾਓ
# PHASE 4 — NOW SELLING



**MODERN SINGLE FAMILY HOMES**
2,015 to 2,508 sq. ft.
3-4 bedrooms with bonus room
2-3 bathrooms
Legal basement suite option
**Starting from Low $500 (incl.GST)**



**EXECUTIVE SINGLE FAMILY HOMES**
2,508 to 2,934 sq. ft.
3-4 bedrooms with bonus room | 2-3 bathrooms
Walk-out basement with options to add a legal basement suite.
**Starting from High $600 (incl.GST)**



**SIGNATURE COLLECTION**
1,735 to 1,867 sq. ft
3 bedrooms
2 bathrooms
Legal basement suite option
**Starting from $469,900 (incl.GST)**




**TOWNHOMES**
1,735 to 1,867 sq. ft
2 or 3 bedrooms | 2 bathrooms + bonus room
Award winnig modern interiors, gourmet kitchens, 2 vehicle garage + added driveway parking
**Starting from $319,900 (incl. GST)**

SHOWHOMES & SALES CENTRE
1233 Copperfield Blvd SE,
Calgary, AB T2Z 5G1

Monday - Thursday: 2 - 8 PM
Sat, Sun & Holidays: 12 - 5 PM
Thrusday & Friday: by appointment

COPPERSTONELIVING.COM | 587.352.4266

VESTA PROPERTIES

*Condo fees to be paid up to a maximum of $10,000, this offer cannot be combined with any other offer. See sales team for full details.

# ਆਹ ਲੈ ਚੱਕ ਮੈਂ ਆ ਗਿਆ !

## ਆਈ ਫੋਨ 13 ਸਭ ਤੋਂ ਪਹਿਲਾਂ ਰੀ ਵਾਇਰਲੈਸ ਪੱਛਮੀ ਕਨੇਡਾ ਦੀ ਸਭ ਤੋਂ ਵੱਡੀ ਡੀਲਰਸ਼ਿੱਪ ਜਿਸ ਦਾ ਪਹਿਲਾਂ ਨਾਂ ਬੈਲ ਕੁਨੈਕਸਨ ਹੁੰਦਾ ਸੀ, ਕੋਲ 24 ਸਤੰਬਰ ਨੂੰ ਪੁੱਜ ਗਿਆ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੋਬਾਈਨ ਫੋਨ ਦੀ ਦੁਨੀਆ ਵਿੱਚ ਐਪਲ ਬਰਾਂਡ ਤੁਹਾਡੇ ਹੱਥ ਵਿੱਚ ਹੋਣਾ ਮਾਣ ਵਾਲੀ ਗੱਲ ਹੈ ਅਤੇ ਇਸ ਤੋਂ ਵੀ ਅੱਗੇ ਮਾਣ ਵਾਲੀ ਗੱਲ ਹੈ ਕਿ ਉਸਦਾ ਮਾਡਲ ਕਿਹੜਾ ਹੈ। ਹਰ ਕੋਈ ਚਾਹੁੰਦਾ ਹੈ ਕਿ ਨਵਾਂ ਆਇਆ ਮਾਡਲ ਉਸ ਕੋਲ ਸਭ ਤੋਂ ਪਹਿਲਾਂ ਹੋਵੇ ਪਰ ਜਦੋਂ ਨਾ ਮਿਲੇ ਤਾਂ ਫਿਰ ਤੁਹਾਡੇ ਮਨ ਦੀ ਇਹ ਇੱਛਾ ਅਧੂਰੀ ਰਹਿ ਜਾਂਦੀ ਹੈ। ਪੱਛਮੀ ਕਨੇਡਾ ਅੰਦਰ ਤੁਹਾਡੀਆਂ ਇਛਾਵਾਂ ਦੀ ਪੂਰਤੀ ਲਈ ਰੀ ਵਾਇਰਲੈਸ ਵਾਲੇ ਦੱਸ ਰਹੇ ਹਨ ਕਿ ਆਈ ਫੋਨ 13 ਦੇ ਸਾਰੇ ਮਾਡਲ ਜਿਓਂ ਹੀ ਐਪਲ ਸਟੋਰਾਂ ਉੱਪਰ ਆਏ, ਠੀਕ ਉਸੇ ਟਾਈਮ ਰੀ ਵਾਇਰਲੈਸ ਦੀ ਡੀਲਰਸਿੱਪ ਉੱਪਰ ਵੀ 24 ਸਤੰਬਰ 2021 ਦਿਨ ਸ਼ੁੱਕਰਵਾਰ ਨੂੰ ਤੁਹਾਡੇ ਲਈ ਆ ਚੁੱਕੇ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਬਰਿੰਦਰ ਸਿੰਘ ਭਮਰਾ ਨੇ ਦੱਸਿਆ ਕਿ ਨਵੇਂ ਮਾਡਲ 13 ਵਿੱਚ ਬਾਹਲੇ ਈ ਜਿਆਦਾ ਗੁਣ ਹਨ ਜਿਵੇਂ ਹੁਣ ਤੱਕ ਦਾ ਸਭ ਤੋਂ ਤੇਜ ਚਿੱਪ ਸਿਸਟਮ, ਫਰੰਟ-ਫੇਸਿੰਗ ਟਰੂ ਡੈਪਥ ਕੈਮਰਾ ਹੈ। ਫੋਨ ਪਾਣੀ ਵਿੱਚ ਡੁੱਬ ਜਾਵੇ ਤਾਂ 30 ਮਿੰਟ ਤੱਕ ਕੁੱਝ ਵੀ ਨੁਕਸਾਨ ਨਹੀਂ ਹੁੰਦਾ। ਤਾਂ ਫਿਰ ਹੁਣ ਇਹ ਵੇਲਾ ਸੋਚਣ ਦਾ ਨਹੀਂ ਫੈਸਲਾ ਕਰਨ ਦਾ ਹੈ ਕਿ ਕਿਹੜੀ ਲੋਕੇਸ਼ਨ ਉੱਪਰ ਜਾਕੇ ਤੁਸੀਂ 24 ਸਤੰਬਰ ਵਾਲੇ ਦਿਨ ਜਾਂ ਉਸ ਤੋਂ ਬਾਦ ਆਈਫੋਨ 13 ਵਾਲੇ ਹੋਣ ਦਾ ਮਾਣ ਪਰਾਪਤ ਕਰਨਾ ਹੈ। ਲੋਕੇਸਨਾਂ ਤੁਸੀ ਖੁਦ ਹੀ ਚੁਣ ਲਓ।



ਐਡਮੰਟਨ: 5511-23 ਐਵਨਿਊ (ਬੀ ਐਮ ਓ ਦੇ ਨੇੜੇ)
780 465 3400
15554 37 ਸਟਰੀਟ (ਮੈਨਿੰਗ ਟਾਉਨ ਸੈਂਟਰ)
780 250 5553
3918-17 ਸਟਰੀਟ (ਸਕੋਸ਼ੀਆ ਬੈਂਕ ਦੇ ਨੇੜੇ)
780 465 3666
ਕੈਲਗਰੀ:105-216 ਸੈਡਲਟਾਊਨ ਸਰਕਲ ਨਾਰਥ ਈਸਟ
403 568 5566
1305-9650 ਹਾਰਵੈਸਟ ਹਿੱਲਜ਼ 403 532 3934
ਸੈਸਕਾਟੂਨ: ਯੂ 28-2325 ਪਰੈਸਟਨ ਐਵਨਿਊ (ਮਾਰਕੀਟ ਮਾਲ) 306 373 4099

# ਜਿੱਤਣ ਉਪਰੰਤ ਜੌਰਜ ਚਾਹਲ ਦੀ ਚੋਣ ਪਰਚਿਆਂ ਵਾਲੀ ਵੀਡੀਓ ਚਰਚਾ ਵਿੱਚ ਆਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹੁਣੇ ਹੁਣੇ ਕਨੇਡਾ ਦੀਆਂ ਹੋਈਆਂ ਫੈਡਰਲ ਚੋਣਾਂ ਵਿੱਚ ਅਲਬਰਟਾ ਸੂਬੇ ਦੀ ਕੈਲਗਰੀ ਸਕਾਈਵਿਊ ਸੀਟ ਤੋਂ ਮੈਂਬਰ ਪਾਰਲੀਆਮੈਂਟ ਚੁਣਿਆ ਗਿਆ ਜੌਰਜ ਚਾਹਲ ਚਰਚਾ ਵਿੱਚ ਆ ਗਿਆ ਹੈ। ਚੋਣਾ ਤੋਂ ਪਹਿਲਾਂ ਮੀਡੀਆ ਵਿੱਚ ਛਪਦੀਆਂ ਅਤੇ ਸੁਣੀਦੀਆਂ ਦੇਖੀਦੀਆਂ ਖ਼ਬਰਾਂ ਵਿੱਚ ਜੌਰਜ ਚਾਹਲ ਦੀ ਯਕੀਨੀ ਜਿੱਤ ਦੇ ਚਰਚੇ ਹੁੰਦੇ ਸਨ ਪਰ ਅੱਜ ਕੱਲ ਪਰਚਿਆਂ ਦੀ ਚਰਚਾ ਹੋ ਰਹੀ ਹੈ। ਕੈਲਗਰੀ ਸਕਾਈਵਿਊ ਹਲਕੇ ਦੇ ਨਿਵਾਸੀ ਦੀ ਹੀ ਕਿਸੇ ਡੋਰਬੈੱਲ ਵਾਲੇ ਕੈਮਰੇ ਵਿੱਚ ਕੈਦ ਹੋਈ ਜੌਰਜ ਚਾਹਲ ਦੀ ਵੀਡੀਓ ਨੇ ਚਾਹਲ ਨੂੰ ਜਾਂਚ ਦੇ ਘੇਰੇ ਅੰਦਰ ਲੈ ਆਂਦਾ ਹੈ। ਚਾਹਲ ਉੱਪਰ ਦੋਸ਼ ਇਹ ਲੱਗ ਰਿਹਾ ਹੈ ਕਿ ਉਹ ਚੋਣ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਕਿਸੇ ਹੋਰ ਉਮੀਂਦਵਾਰ ਦੀ ਚੋਣ ਸਮੱਗਰੀ ਉਪਰੋਕਤ ਬਕਸੇ ਵਿੱਚੋਂ ਕੱਢਕੇ ਆਪਣੀ ਚੋਣ ਸਮੱਗਰੀ ਉਸ ਵਿੱਚ ਪਾ ਆਇਆ ਹੈ। ਜਾਂਚ ਸੁਰੂ ਹੋ ਗਈ ਹੈ ਜਿਸਦੇ ਮੁਕੰਮਲ ਹੋਣ ਉਪਰੰਤ ਹੀ ਇਸ ਸਬੰਧੀ ਸੱਚਾਈ ਸਾਹਮਣੇ ਆ ਸਕੇਗੀ ਪਰ ਚਾਹਲ ਦੇ ਚੋਣ ਖੇਮੇ ਵਿੱਚੋਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਉਹਨਾਂ ਦੇ ਕਿਸੇ ਵੀ ਵਾਲੰਟੀਅਰ ਜਾਂ ਖੁਦ ਉਮੀਂਦਵਾਰ ਨੇ ਕਿਸੇ ਦੂਸਰੇ ਉਮੀਂਦਵਾਰ ਦੀ ਚੋਣ ਸਮੱਗਰੀ ਨਾਲ ਛੇੜਛਾੜ ਨਹੀਂ ਕੀਤੀ ਸਗੋਂ ਇਹ ਤਾਂ ਚੋਣਾਂ ਸਬੰਧੀ ਗਲਤ ਜਾਣਕਾਰੀ ਵਾਲੇ ਕਾਗਜਾਤ ਸਨ ਜੋ ਉਹਨਾਂ ਨੇ ਖੁਦ ਹੀ ਇਲੈਕਸਨ ਕਨੇਡਾ ਦੇ ਚੋਣ ਦਫਤਰ ਦੇ ਨੋਟਿਸ ਵਿੱਚ ਵੀ ਲਿਆਂਦੇ ਸਨ।



# ਬੇਸ਼ਕ ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ ਨਹੀਂ ਮਿੱਟਦੀ ਪਰ ਜ਼ੂਮ ਮੀਟਿੰਗਾਂ ਦੁਆਰਾ ਝਰੋਖਾ ਦਰਸ਼ਨ ਕਰਕੇ ਤਸੱਲੀ ਜ਼ਰੂਰ ਮਿਲ ਜਾਂਦੀ ਹੈ-ਡਾ: ਬਲਵਿੰਦਰ ਬਰਾੜ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਬਿਮਾਰੀ ਦੇ ਕੇਸਾਂ ਦੀ ਗਿਣਤੀ ਵੱਧਣ ਕਾਰਨ ਨਵੇਂ ਸਿਰਿਓਂ ਪਾਬੰਦੀਆਂ ਲੱਗ ਜਾਣ ਕਰਕੇ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ 18 ਸਤੰਬਰ ਦਿਨ ਸ਼ਨੀਵਾਰ ਨੂੰ ਜ਼ੂਮ ਦੁਆਰਾ ਆਨਲਾਈਨ ਕੀਤੀ ਗਈ। ਹਰਮਿੰਦਰ ਚੁੱਗ ਨੇ ਮੀਟਿੰਗ ਦਾ ਸੰਚਾਲਨ ਕੀਤਾ। ਡਾ: ਬਲਵਿੰਦਰ ਕੌਰ ਬਰਾੜ ਨੇ ਕਿਹਾ ਕਿ ਹਾਲਾਤਾਂ ਨੂੰ ਮੁੱਖ ਰੱਖ ਕੇ ਇਨ-ਪਰਸਨ ਮੀਟਿੰਗ ਦੀ ਬਜਾਏ ਜ਼ੂਮ ਮੀਟਿੰਗ ਕਰਨੀ ਪੈ ਰਹੀ ਹੈ। ਬੇਸ਼ਕ ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ ਨਹੀਂ ਮਿੱਟਦੀ ਪਰ ਇਸ ਜ਼ੂਮ ਮੀਟਿੰਗ ਦੁਆਰਾ ਝਰੋਖਾ ਦਰਸ਼ਨ ਕਰਕੇ ਤਸੱਲੀ ਜ਼ਰੂਰ ਮਿਲ ਜਾਂਦੀ ਹੈ। ਉਹਨਾਂ ਨੇ ਇੱਕ ਹਾਸ-ਰਸ ਕਵਿਤਾ ਸੁਣਾ ਕੇ ਮਾਹੌਲ ਵੀ ਖੁਸ਼ਗਵਾਰ ਬਣਾ ਦਿੱਤਾ। ਰਾਜਵੰਤ ਮਾਨ ਨੇ ਕਿਸਾਨੀ ਸੰਘਰਸ਼ ਸਬੰਧੀ, ਉਭਾਰਤ ਬਾਗ਼ ਦੇ ਫੁੱਲ ਅਸੀਂ ਇਕੋ ਅਰਸ਼ ਦੇ ਤਾਰੇ, ਏਕੇ ਦੀ ਕੰਧ ਤੋੜ ਕੇ ਕੋਈ ਨਫ਼ਰਤ ਕਿਉਂ ਪਸਾਰੇ।' ਆਪਣੀ ਰਚਨਾ ਸੁਣਾਈ। ਸੁਰਿੰਦਰ ਸੰਧੂ ਨੇ ਹਰ ਮਨੁੱਖ ਦੇ ਅੰਦਰ ਬਿਰਾਜਮਾਨ ਰੱਬ ਦੇ ਟਿਕਾਣੇ ਬਾਰੇ ਬੜਾ ਭਾਵਪੂਰਤ 'ਰੱਬ ਦਾ ਟਿਕਾਣਾ' ਗੀਤ ਪੇਸ਼ ਕੀਤਾ।





ਸੁਖਜੀਤ ਸੈਣੀ ਨੇ 'ਅੱਜ ਕੱਲ੍ਹ ਦੋ ਕਬੂਤਰ ਆਉਂਦੇ ਰੋਜ਼ ਬਨੇਰੇ, ਉਹਨਾਂ ਦੀਆਂ ਗੱਲਾਂ ਬਿਲਕੁਲ ਜਿਵੇਂ ਵਿੱਚ ਤੇਰੇ ਮੇਰੇ' ਰਚਨਾ ਦੁਆਰਾ ਪੰਛੀਆਂ ਦੇ ਮਨੁੱਖਾਂ ਵਾਂਗ ਆਪਸੀ ਪ੍ਰੇਮ ਨੂੰ ਪ੍ਰਗਟਾਇਆ। ਰੁਬੀਨਾ ਨੇ ਖੂਬਸੂਰਤ ਗ਼ਜ਼ਲ ਨਾਲ ਹਾਜ਼ਰੀ ਲੁਆਈ। ਅਮਰਜੀਤ ਗਰੇਵਾਲ ਅਤੇ ਸੁਰਜੀਤ ਸੀਤੋ ਜੀ ਨੇ ਲੰਮੀ ਹੇਕ ਵਾਲੇ ਲੋਕ ਗੀਤ ਗਾ ਕੇ ਰੰਗ ਬੰਨ੍ਹਿਆ। ਇਕਬਾਲ ਭੁੱਲਰ ਜੀ ਨੇ ਬਲਵਿੰਦਰ ਬਾਲਮ ਜੀ ਦੀ ਲਿਖੀ ਕਵਿਤਾ 'ਸੁਸਤ ਜ਼ਮੀਰਾਂ ਤੇ ਸੁੱਤੀਆਂ ਤਕਦੀਰਾਂ ਨੂੰ, ਅੰਦੋਲਨ ਫਿਰ ਬਣਾ ਸਕਦੇ ਨੇ ਦੋ ਹੰਝੂ' ਅਤੇ ਹਰਮਿੰਦਰ ਚੁੱਗ ਨੇ ਹੋਲੀ ਦੇ ਰੰਗਾਂ ਨਾਲ ਤੁਲਨਾ ਕਰ ਉਮਰ ਵਿਹਾ ਚੁੱਕੇ ਵਡੇਰੀ ਉਮਰ ਦੇ ਵਿਅਕਤੀਆਂ ਦੀਆਂ ਤਮੰਨਾ ਪ੍ਰਗਟਾਉਂਦੀ ਰਚਨਾ ਸੁਣਾਈ। ਸਰਬਜੀਤ ਉੱਪਲ ਨੇ ਵੀ ਕਵਿਤਾ ਨਾਲ ਹਾਜ਼ਰੀ ਲੁਆਈ। ਗੁਰਚਰਨ ਥਿੰਦ ਨੇ ਮਹਾਂਭਾਰਤ ਕਥਾ ਦੀ ਮਹਾਂਨਾਇਕਾ ਦਰੋਪਦੀ ਦੀ ਸਖ਼ਸ਼ੀਅਤ ਦੀ ਗੱਲ ਕਰਦਿਆਂ ਕਿਹਾ ਕਿ ਦਰੋਪਦੀ ਸਾਡੇ ਅੱਜ ਦੇ ਸਮਾਜ ਦੀਆਂ ਰਵਾਇਤਾਂ ਅਤੇ ਪ੍ਰੰਪਰਾਵਾਂ ਦੀ ਪ੍ਰਤੀਕ ਹੈ। ਉਪਰੰਤ ਇਸ ਵਿਸ਼ੇ ਤੇ ਖੁੱਲ੍ਹੀ ਗਲਬਾਤ ਸ਼ੁਰੂ ਹੋ ਗਈ। ਹਰੇਕ ਨੇ ਔਰਤਾਂ ਦੀ ਸਮਾਜ ਵਿੱਚ ਦਸ਼ਾ ਤੇ ਦਿਸ਼ਾ ਬਾਰੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ। ਗੁਰਚਰਨ ਥਿੰਦ ਨੇ ਹਮੇਸ਼ਾਂ ਤੋਂ ਔਰਤ ਤੇ ਲਗਾਈਆਂ ਜਾਣ ਵਾਲੀਆਂ ਪਾਬੰਦੀਆਂ ਦੀ ਬਾਤ ਪਾਉਂਦੀ ਰਚਨਾ, 'ਮੁਹੱਬਤ ਦਾ ਗੀਤ ਹੁਣ ਮੈਂ ਕਦੇ ਨਹੀਂ ਗਾਉਣਾ' ਸੁਣਾਈ ਤਾਂ ਸੁਣ ਸਭ ਦਾ ਦਿਲ ਪਸੀਜ ਗਿਆ। ਪਿਛਲੇ ਦਿਨੀਂ ਸਭਾ ਦੀਆਂ ਮੈਂਬਰਾਂ ਹੈਰੀਟੇਜ਼ ਪਾਰਕ ਦੇ ਟੂਰ ਤੇ ਗਈਆਂ ਸਨ। ਪਾਰਕ ਵਿੱਚ ਵੱਖ ਵੱਖ ਝੂਲਿਆਂ ਦਾ ਆਨੰਦ ਮਾਣਿਆਂ, ਪਾਰਕ ਦੇ ਹਰੇ ਘਾਹ ਤੇ ਬੈਠ ਰਲ ਮਿਲ ਕੇ ਖਾਣ-ਪੀਣ ਦਾ ਅਨੰਦ ਮਾਣਿਆ। ਰੇਲ ਗੱਡੀ ਦੇ ਝੂਟੇ ਲਏ, ਪੁਰਾਣੇ ਸਮਿਆਂ ਦੀਆਂ ਸੰਭਾਲ ਕੇ ਰੱਖੀਆਂ ਵਿਰਾਸਤੀ ਚੀਜ਼ਾਂ ਚਾਅ ਨਾਲ ਵੇਖੀਆਂ ਅਤੇ ਗੀਤ ਗਾ ਕੇ ਤੇ ਬੋਲੀਆਂ ਪਾ ਕੇ ਖੂਬ ਆਨੰਦ ਮਾਣਿਆ। ਅੱਜ ਦੀ ਮੀਟਿੰਗ ਵਿੱਚ ਬੀਤੇ ਸਮੇਂ ਬਿਤਾਏ ਆਨੰਦਮਈ ਪਲਾਂ ਨੂੰ ਫਿਰ ਯਾਦ ਕੀਤਾ ਗਿਆ।

# ਕੈਲਗਰੀ ਵਿੱਚ ਜੌਰਜ ਚਾਹਲ ਕੋਲੋਂ ਜੈਗ ਸਹੋਤਾ ਹਾਰ ਗਈ

## ਸਿੱਖ ਚਿਹਰਾ ਜਸਰਾਜ ਸਿੰਘ ਹੱਲਣ ਦੂਜੀ ਵਾਰ ਚੋਣ ਜਿੱਤਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਕਾਇਵਿਊ ਰਾਇਡਿੰਗ ਤੋਂ ਲਿਬਰਲ ਉਮੀਦਵਾਰ ਜੌਰਜ ਚਾਹਲ ਨੇ ਕੰਜ਼ਰਵੇਟਿਵ ਉਮੀਦਵਾਰ ਜੈਗ ਸਹੋਤਾ ਨੂੰ ਹਰਾ ਕੇ ਇਹ ਸੀਟ ਜਿੱਤ ਲਈ ਹੈ। ਬੇਹੱਦ ਉਤਾਰ-ਚੜ੍ਹਾਅ ਵਾਲੇ ਨਤੀਜਿਆਂ ਦਰਮਿਆਨ ਜੌਰਜ ਚਾਹਲ ਅਤੇ ਜੈਗ ਸਹੋਤਾ, ਵੋਟਾਂ ਦੀ ਗਿਣਤੀ ਵਿੱਚ ਇੱਕ ਦੂਜੇ ਤੋਂ ਅੱਗੇ-ਪਿਛੇ ਹੁੰਦੇ ਰਹੇ ਪਰ ਅੰਤ ਨੂੰ ਜੌਰਜ ਚਾਹਲ ਨੇ 3324 ਵੋਟਾਂ ਦੇ ਫਰਕ ਨਾਲ ਬਾਜ਼ੀ ਮਾਰ ਹੀ ਲਈ। ਉਹਨਾਂ ਨੂੰ 20090 ਵੋਟਾਂ ਪਈਆਂ ਜਦੋਂ ਕਿ ਜੈਗ ਸਹੋਤਾ ਨੂੰ 16768 ਵੋਟ ਮਿਲੇ। ਇਸ ਰਾਇਡਿੰਗ ਤੋਂ ਐਨਡੀਪੀ ਉਮੀਦਵਾਰ ਗੁਰਿੰਦਰ ਸਿੰਘ ਗਿੱਲ 7690 ਵੋਟਾਂ ਨਾਲ ਤੀਸਰੇ ਸਥਾਨ 'ਤੇ ਰਹੇ। ਪੀਪਲਜ਼ ਪਾਰਟੀ ਦੇ ਹੈਰੀ ਢਿੱਲੋਂ ਨੂੰ 1720 ਵੋਟਾਂ ਮਿਲੀਆਂ। ਕੈਲਗਰੀ ਫੌਰੈਸਟ ਲੌਨ ਤੋਂ ਕੰਜ਼ਰਵੇਟਿਵ ਉਮੀਦਵਾਰ ਜਸਰਾਜ ਸਿੰਘ ਹੱਲਣ ਨੇ ਆਪਣੀ ਨੇੜਲੀ ਵਿਰੋਧੀ ਲਿਬਰਲ ਉਮੀਦਵਾਰ ਜੌਰਡਨ ਸਟੀਨ ਨੂੰ ਵੱਡੇ ਫ਼ਰਕ ਨਾਲ ਹਰਾਇਆ। ਹੱਲਣ ਨੂੰ 15389 ਵੋਟ ਮਿਲੇ ਜਦੋਂ ਕਿ ਲਿਬਰਲ ਜੌਰਡਨ ਸਟੀਨ ਨੇ 9608 ਵੋਟ ਹਾਸਲ ਕੀਤੇ। ਐਨਡੀਪੀ ਦੇ ਉਮੀਦਵਾਰ ਨੂੰ ਇਸ ਰਾਇਡਿੰਗ ਤੋਂ 6254 ਵੋਟ ਮਿਲੇ। ਬਾਕੀ ਸਾਰੀਆਂ ਸੀਟਾਂ 'ਤੇ ਹੀ ਕੰਜ਼ਰਵੇਟਿਵ ਪਾਰਟੀ ਉਮੀਦਵਾਰਾਂ ਨੇ ਹੀ ਜਿੱਤ ਦਰਜ ਕੀਤੀ ਹੈ।




SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Punjab Insurance Inc
SERVICES
- Life Insurance
- Mortgage Insurance
- Critical Illness Insurance
- Disability Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Harpinder Sidhu
REGIONAL MANAGER
403 404 3500
sidhu.harpinder@gmail.com
Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਸਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜ਼ੇ ਵਿਚ)
Calgary (AB) T3J 5H2
Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobody.ca

# ਜਿਉਂ ਹੀ ਮੇਂਗ ਨੇ ਚੀਨ ਵੱਲ ਮੂੰਹ ਕੀਤਾ ਤਾਂ ਉਹਨਾਂ ਦੋਵੇਂ ਮਾਈਕਲ ਕਨੇਡਾ ਵੱਲ ਨੂੰ ਤੋਰ ਦਿੱਤੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸ਼ੁਕਰਵਾਰ ਵਾਲੇ ਦਿਨ ਅਮੈਰਿਕਨ ਜਸਟਿਸ ਸਿਸਟਮ ਨਾਲ ਸਮਝੌਤਾ ਕਰ ਲੈਣ ਮਗਰੋਂ ਕੈਨੇਡਾ ਦੇ ਵੈਨਕੂਵਰ ਤੋਂ ਰਿਹਾ ਹੋਈ ਚੀਨੀ ਕੰਪਨੀ ਹੁਆਵੇਇ ਦੇ ਚੀਫ਼ ਫਾਇਨੈਂਸ਼ਿਅਲ ਅਫਸਰ ਮੇਂਗ ਵੈਨਜ਼ਾਉ ਜਿਉਂ ਹੀ ਚੀਨਾ ਜਾਣ ਵਾਸਤੇ ਜਹਾਜ਼ ਵਿੱਚ ਸਵਾਰ ਹੋਈ, ਤਾਂ ਚੀਨ ਸਰਕਾਰ ਨੇ ਕੈਦ ਕੀਤੇ ਦੋ ਕੈਨੇਡੀਅਨ ਨਾਗਰਿਕਾਂ ਨੂੰ ਕੈਨੇਡਾ ਦੀ ਉਡਾਨ 'ਤੇ ਚਾੜ੍ਹ ਦਿੱਤਾ। ਮਾਇਕਲ ਕੋਵਰਿਗ ਅਤੇ ਮਾਇਕਲ ਸਪੇਵਰ, ਦੋਵੇਂ ਪਿਛਲੇ 3 ਸਾਲ ਤੋਂ ਵੱਧ ਅਰਸੇ ਤੋਂ ਚੀਨ ਦੀ ਕੈਦ ਵਿੱਚ ਸਨ ਤੇ ਉਹਨਾਂ ਖਿਲਾਫ਼ ਸੰਗੀਨ ਮਾਮਲਿਆਂ ਤਹਿਤ ਮੁਕੱਦਮੇਬਾਜ਼ੀ ਚੱਲ ਰਹੀ ਸੀ। ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਆਪਣੇ ਵਿਦੇਸ਼ ਮੰਤਰੀ ਮਾਰਕ ਗੌਰਨਉ ਨੂੰ ਨਾਲ ਲੈ ਕੇ ਕੈਲਗਰੀ ਏਅਰਪੋਰਟ ਪਹੁੰਚੇ ਤੇ ਦੋਵਾਂ ਦਾ ਗਲੇ ਮਿਲ ਕੇ ਸਵਾਗਤ ਕੀਤਾ। ਇਸ ਮਗਰੋਂ ਮਾਇਕਲ ਸਪੇਵਰ ਟੋਰੰਟੋ ਲਈ ਰਵਾਨਾ ਹੋ ਗਿਆ ਜਦੋਂ ਕਿ ਮਾਇਕਲ ਕੋਵਰਿਗ ਆਪਣੇ ਪਰਿਵਾਰ ਨਾਲ ਘਰ ਵੱਲ ਨੂੰ ਰਵਾਨਾ ਹੋ ਗਿਆ। ਇਸ ਗੱਲ ਤੋਂ ਸਪਸ਼ਟ ਹੋ ਗਿਆ ਹੈ ਕਿ ਚੀਨ ਨੇ ਇਹਨਾਂ ਦੋਵਾਂ ਕੈਨੇਡੀਅਨ ਨਾਗਰਿਕਾਂ ਨੂੰ ਬਦਲੇ ਦੀ ਭਾਵਨਾ ਤਹਿਤ ਕੈਦ ਕੀਤਾ ਹੋਇਆ ਸੀ ਤੇ ਜਿਉਂ ਹੀ ਮੇਂਗ ਵੈਨਜ਼ਾਉ ਦੀ ਰਿਹਾਈ ਹੋਈ, ਇਹ ਦੋਵੇਂ ਵੀ ਰਿਹਾ ਕਰ ਦਿੱਤੇ ਗਏ।

# ਖ਼ਬਰਦਾਰ ! ਕੈਲਗਰੀ ਵਿੱਚ ਵੀ ਬੱਚੇ ਚੁੱਕਣ ਵਾਲੇ ਫਿਰਦੇ ਹਨ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਨੇ ਸਥਾਨਕ ਲੋਕਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਸ਼ਹਿਰ ਦੇ ਕਈ ਹਿੱਸਿਆਂ ਵਿੱਚ ਕੁੱਝ ਵਿਅਕਤੀਆਂ ਵੱਲੋਂ ਬੱਚਿਆਂ ਨੂੰ ਵਰਗਲਾਉਣ ਦੀ ਕੋਸ਼ਿਸ਼ ਹੋਣ ਮਗਰੋਂ ਜਾਂਚ ਸ਼ੁਰੂ ਕੀਤੀ ਗਈ ਹੈ। ਇਹ ਘਟਨਾਵਾਂ ਵਿੰਜ਼ਰ ਪਾਰਕ, ਮਾਇਲਡਵੁਡ, ਫੌਰੈਸਟ ਲੌਨ ਅਤੇ ਕੌਪਰਫੀਲਡ ਵਿੱਚ ਹੋਈਆਂ ਹਨ। ਜਦੋਂ ਇਹਨਾਂ ਬੱਚਿਆਂ ਤੱਕ ਪਹੁੰਚ ਕੀਤੀ ਗਈ, ਉਸ ਸਮੇਂ ਇਹ ਬੱਚੇ ਇਕੱਲੇ ਸਨ। ਸੀ.ਸੀ.ਟੀ.ਵੀ. ਕੈਮਰਿਆਂ ਤੋਂ ਫੁਟੇਜ ਹਾਸਲ ਕਰਕੇ ਪੁਲਿਸ ਵੱਲੋਂ ਦੋਸ਼ੀਆਂ ਦੀ ਪੈੜ ਨੱਪੀ ਜਾ ਰਹੀ ਹੈ। ਜੇ ਇਸ ਸੰਬੰਧੀ ਕਿਸੇ ਕੋਲ ਵੀ ਸੂਚਨਾ ਹੋਵੇ ਤਾਂ ਪੁਲਿਸ ਨੂੰ 403-266-1234 'ਤੇ ਸੂਚਿਤ ਕੀਤਾ ਜਾ ਸਕਦਾ ਹੈ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆਂ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

Bliss & Beauty
Rejuvenate your Mind, Body & Soul.
Reiki, Bio Energy, Healing Touch & Facials
ਸਿਰਫ਼ ਔਰਤਾਂ ਲਈ ਸੇਵਾਵਾਂ
JASVIR KAUR
To Book a Session CALL us at:
403-829-4814
20 Saddlestone Drive NE T3J OW8
info.blissandbeauty@gmail.com Located on 2nd Floor in Saddleridge Plaza

PUNJABI SWEETS
HOUSE & RESTAURANT
TAKE OUT
We do catering also
ALL KINDS OF SWEETS NON-VEG & VEGI FOOD
FAST & BEST FRIENDLY SERVICE
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ !
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ !
urban Real Estate Services Ltd.
Akshay Kapoor
REALTOR®
403 891 0005

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਵਾਰਡ 5 ਦੇ ਕੌਂਸਲਰ ਬਣਨ ਦੀ ਇੱਛਾ ਰੱਖਣ ਵਾਲੇ ਰਾਜ ਧਾਲੀਵਾਲ ਬਾਰੇ ਤੁਸੀਂ ਕੀ ਜਾਣਦੇ ਹੋ ?

ਰਾਜ ਧਾਲੀਵਾਲ ਇੱਕ ਪੁੱਤਰ, ਪਤੀ, ਪਿਤਾ, ਭਰਾ, ਚੰਗਾ ਕੈਲਗਰੀਅਨ, ਚੰਗਾ ਗੁਆਂਢੀ, ਚੰਗਾ ਮਿੱਤਰ, ਤੇਲ ਅਤੇ ਗੈਸ ਖੇਤਰ ਦਾ ਪੇਸ਼ੇਵਰ, ਜਾਨਵਰ ਪ੍ਰੇਮੀ, ਫੁੱਟਬਾਲ ਖਿਡਾਰੀ, ਹਾਕੀ ਪ੍ਰਸ਼ੰਸਕ ਅਤੇ ਕ੍ਰਿਕਟ ਪ੍ਰੇਮੀ ਹੈ। ਰਾਜ ਦਾ ਜਨਮ ਭਾਰਤ ਵਿੱਚ ਹੋਇਆ ਸੀ ਅਤੇ ਛੋਟੀ ਉਮਰ ਵਿੱਚ ਹੀ ਉਹ ਆਪਣੇ ਮਾਪਿਆਂ ਅਤੇ ਛੋਟੇ ਭਰਾ ਨਾਲ ਕੈਨੇਡਾ ਆ ਗਿਆ ਸੀ। ਉਸਦੇ ਪਰਿਵਾਰ ਨੇ ਨਾਰਥ ਈਸਟ ਕੈਲਗਰੀ ਵਿੱਚ ਰਹਿਣ ਦਾ ਫੈਸਲਾ ਕੀਤਾ। ਉਸ ਦੇ ਪਿਤਾ, ਜੋ ਭਾਰਤ ਵਿੱਚ ਇੱਕ ਪੇਸ਼ੇਵਰ ਇੰਜੀਨੀਅਰ ਰਹੇ ਸਨ, ਅਤੇ ਉਨ੍ਹਾਂ ਦੀ ਮਾਂ ਨੇ ਆਪਣੇ ਪਰਿਵਾਰ ਨੂੰ ਬਿਹਤਰ ਜੀਵਨ ਪ੍ਰਦਾਨ ਕਰਨ ਲਈ ਕਈ ਨੌਕਰੀਆਂ 'ਤੇ ਸਖਤ ਮਿਹਨਤ ਕੀਤੀ।

ਰਾਜ ਧਾਲੀਵਾਲ ਆਮ ਬੱਚਿਆਂ ਦੀ ਤਰਾਂ ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਪਲ ਕੇ ਵੱਡਾ ਹੋਇਆ। ਉਸਨੂੰ ਆਪਣੇ ਬਚਪਨ ਦੇ ਸਮੇ ਪ੍ਰੈਰੀ ਵਿੰਡਜ਼ ਪਾਰਕ ਵਿੱਚ ਹਾਕੀ ਅਤੇ ਕ੍ਰਿਕਟ ਖੇਡਣਾ ਪਸੰਦ ਸੀ। ਉਸਨੇ ਪਹਿਲੀ ਪਾਰਟ-ਟਾਈਮ ਨੌਕਰੀ ਹਾਈ ਸਕੂਲ ਦੌਰਾਨ ਹੀ ਨਾਰਥ ਈਸਟ ਦੇ ਇੱਕ ਕਨਵੀਨੀਅਸ ਸਟੋਰ ਵਿੱਚ ਕੀਤੀ।

ਲੈਸਟਰ ਬੀ ਪੀਅਰਸਨ ਹਾਈ ਸਕੂਲ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ, ਰਾਜ ਨੇ ਕੈਲਗਰੀ ਯੂਨੀਵਰਸਿਟੀ ਵਿੱਚ ਪੜ੍ਹਾਈ ਕੀਤੀ, ਜਿੱਥੇ ਉਸਨੇ ਅੰਤਰਰਾਸ਼ਟਰੀ ਸੰਬੰਧਾਂ ਵਿੱਚ ਬੈਚਲਰ ਆਫ਼ ਆਰਟਸ ਪ੍ਰਾਪਤ ਕੀਤੀ - ਇਸਦੇ ਬਾਅਦ ਉਸਨੇ ਸ਼ੁਲਿਚ ਸਕੂਲ ਆਫ਼ ਇੰਜੀਨੀਅਰਿੰਗ ਕੋਲੋਂ ਕੈਮੀਕਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ।

ਰਾਜ ਧਾਲੀਵਾਲ ਦੇ ਖੁਸ਼ੀਆਂ ਭਰੇ ਵਿਆਹੁਤਾ ਜੀਵਨ ਦੌਰਾਨ ਦੋ ਪੁੱਤਰਾਂ ਦਾ ਬਾਪ ਹੈ। ਉਹ ਦਸ ਸਾਲਾਂ ਤੋਂ ਕੈਲਗਰੀ ਵਿੱਚ ਇੱਕ ਪ੍ਰਮੁੱਖ ਤੇਲ ਅਤੇ ਗੈਸ ਕੰਪਨੀ ਲਈ ਕੰਮ ਕਰ ਰਿਹਾ ਹੈ।

ਕਿਸ਼ੋਰ ਅਵਸਥਾ ਤੋਂ ਹੀ, ਰਾਜ ਆਪਣੇ ਸਥਾਨਕ ਭਾਈਚਾਰੇ ਵਿੱਚ ਸਰਗਰਮੀ ਨਾਲ ਜੁੜਿਆ ਹੋਇਆ ਹੈ। ਉਹ ਮਾਰਟਿਨਡੇਲ ਦੇ ਸਥਾਨਕ ਸਿੱਖ ਗੁਰੂਘਰ ਵਿੱਚ ਇੱਕ ਨਿਯਮਤ ਉਪਾਸਕ ਅਤੇ ਸਵੈਸੇਵਕ ਰਿਹਾ ਹੈ। ਕਰੋਨਾ ਦੇ ਸਮੇਂ ਦੌਰਾਨ ਰਾਜ ਨੇ ਗੁਰੂਘਰ ਵੱਲੋਂ ਲੰਗਰ ਦੀ ਸੇਵਾ ਦੌਰਾਨ ਘਰ ਘਰ -ਘਰ ਲੋੜਵੰਦਾਂ ਭੋਜਨ ਪਹੁਚਾਉਣ ਵਿੱਚ ਮੋਹਰੀ ਰੋਲ ਅਦਾ ਕੀਤਾ।

ਰਾਜ ਬਹੁਤ ਸਾਰੀਆਂ ਵੱਖ -ਵੱਖ ਭਾਈਚਾਰਕ ਪਹਿਲਕਦਮੀਆਂ ਦਾ ਸਮਰਥਨ ਕਰਨਾ ਜਾਰੀ ਰੱਖਦਾ ਹੈ। ਉਸਨੇ ਬਹੁਤ ਸਾਰੇ ਨੌਜਵਾਨ ਪੇਸ਼ੇਵਰਾਂ ਨੂੰ ਸਲਾਹ ਦਿੱਤੀ ਹੈ, ਅਤੇ ਉਸਨੇ ਉਨ੍ਹਾਂ ਨੂੰ ਕੈਲਗਰੀ ਵਿੱਚ ਨੌਕਰੀਆਂ ਲੱਭਣ ਵਿੱਚ ਸਹਾਇਤਾ ਕੀਤੀ ਹੈ। ਉਹ ਬਜ਼ੁਰਗਾਂ ਅਤੇ ਨਵੇਂ ਆਏ ਲੋਕਾਂ ਨਾਲ ਵੀ ਕੰਮ ਕਰਦਾ ਹੈ ਅਤੇ ਉਨ੍ਹਾਂ ਨੂੰ ਕੰਪਿਟਰ ਹੁਨਰ ਸਿਖਾਉਂਦਾ ਹੈ, ਅਤੇ ਨਾਰਥ ਈਸਟ ਵਿੱਚ ਕੈਲਗਰੀ ਪਬਲਿਕ ਲਾਇਬ੍ਰੇਰੀ ਦੁਆਰਾ ਉਨ੍ਹਾਂ ਦੀ ਨੌਕਰੀ ਦੀ ਭਾਲ ਵਿੱਚ ਉਨ੍ਹਾਂ ਦੀ ਸਹਾਇਤਾ ਕਰਦਾ ਹੈ।

ਰਾਜ ਨੇ ਨਾਰਥ ਈਸਟ ਫੈਮਿਲੀ ਕੁਨੈਕਸ਼ਨਾਂ ਦੇ ਬੋਰਡ ਆਫ਼ ਡਾਇਰੈਕਟਰਜ਼ ਵਿੱਚ ਵੀ ਸੇਵਾ ਨਿਭਾਈ, ਜਿੱਥੇ ਉਨ੍ਹਾਂ ਨੇ ਉਨ੍ਹਾਂ ਪ੍ਰੋਗਰਾਮਾਂ ਦੇ ਵਿਕਾਸ ਅਤੇ ਅਮਲ ਦੀ ਨਿਗਰਾਨੀ ਕਰਦਿਆਂ ਸਥਾਨਕ ਪਰਿਵਾਰਾਂ ਅਤੇ ਨੌਜਵਾਨਾਂ ਦੀ ਮੱਦਦ ਕੀਤੀ। ਇਸ ਦੁਆਰਾ, ਰਾਜ ਨੇ ਨਾਰਥ ਈਸਟ ਦੇ ਬਹੁਤ ਸਾਰੇ ਪਰਿਵਾਰਾਂ ਅਤੇ ਖਾਸ ਕਰਕੇ ਸ਼ਹਿਰੀ ਨੌਜਵਾਨਾਂ ਦਾ ਸਾਹਮਣਾ ਕਰਨ ਵਾਲੀਆਂ ਚੁਣੌਤੀਆਂ ਬਾਰੇ ਵਧੇਰੇ ਸਮਝ ਪ੍ਰਾਪਤ ਕੀਤੀ।

**ਰਾਜ ਧਾਲੀਵਾਲ ਹੁਣ ਵਾਰਡ 5 ਕੌਂਸਲਰ ਦੇ ਉਮੀਂਦਵਾਰ ਵੱਜੋਂ ਤੁਹਾਡੇ ਕੋਲੋਂ ਤੁਹਾਡੀ ਵੋਟ ਦੀ ਮੰਗ ਕਰਦਾ ਹੈ ਤਾਂ ਕਿ ਉਹ ਆਪਣੇ ਜ਼ਿੰਦਗੀ ਦੇ ਤਜ਼ਰਬਿਆਂ ਦਾ ਫਾਇਦਾ ਉਠਾਉਂਦੇ ਹੋਏ ਵਾਰਡ 5 ਦੀਆਂ ਮੁਸਕਿਲਾਂ, ਮੰਗਾਂ, ਲੋੜਾਂ, ਅਤੇ ਵਿਕਾਸ ਦੀਆਂ ਪੂਰਤੀਆਂ ਕਰ ਸਕੇ । ਵੋਟਾਂ ਆਉਣ ਵਾਲੀ 18 ਅਕਤੂਬਰ 2021 ਨੂੰ ਪੈਣੀਆ ਹਨ। ਸੋ ਵਾਰਡ 5 ਵਿੱਚ ਕੈਸਲਿਰਿੱਜ, ਫਾਲਕਿਨਰਿੱਜ, ਮਾਰਟਿਨਡੇਲ, ਟੈਰਾਡੇਲ, ਸੈਡਲਰਿੱਜ, ਸਿਟੀਸਕੇਪ, ਸਕਾਈਵਿਊ ਰੈਂਚ, ਰੈਡਸਟੋਨ, ਕੌਰਨਰਸਟੋਨ, ਸਵਾਨਾ, ਅਤੇ ਹੋਮਸਟੀਡ ਤੋਂ ਇਲਾਵਾ ਕਮਰੀਸਲ ਅਤੇ ਇੰਡਸਟਰੀਅਲ ਏਰੀਆ ਵਿੱਚੋਂ ਵੈਸਟਵਿੰਡਜ਼, ਪੈਗਾਸੂਸ, ਸਕਾਈਲਾਈਨ ਈਸਟ, ਡੀਅਰਫੁੱਟ ਬਿਜਨਿਸ ਸੈਂਟਰ, ਸਟੋਨੀ-1, ਸਟੋਨੀ-2, ਸਟੋਨੀ-3, ਸਟੋਨੀ-4, ਸਟੋਨਗੇਟ ਲੈਂਡਿੰਗ, ਸੈਡਲਰਿੱਜ ਇੰਡਸਟਰੀਅਲ ਅਤੇ ਕੈਲਗਰੀ ਇੰਟਰਨੈਸਨਲ ਏਅਰਪੋਰਟ ਦਾ ਏਰੀਆ ਸਾਮਿਲ ਹੈ। ਸੋ ਆਉਣ ਵਾਲੀ 18 ਅਕਤੂਬਰ ਨੂੰ ਰਾਜ ਧਾਲੀਵਾਲ ਦੇ ਹੱਕ ਵਿੱਚ ਪਾਈ ਗਈ ਤੁਹਾਡੀ ਵੋਟ ਤੁਹਾਡੇ ਵਾਰਡ 5 ਅਤੇ**



ELECT

RAJ DHALIWAL

COUNCILLOR WARD 5

www.voteraj.ca

# ਕੈਨੀ ਦੀ ਕੁਰਸੀ ਹਿੱਲ ਰਹੀ ਸੀ ਪਰ ਹੁਣ ਬਚਾਓ ਹੋ ਗਿਆ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਆਪਣੀ ਪਾਰਟੀ ਦੀ ਕੌਕਸ ਮੀਟਿੰਗ ਵਿੱਚ ਲੀਡਰਸ਼ਿਪ ਦੇ ਮਾਮਲੇ 'ਤੇ ਆਪਣਾ ਬਚਾਅ ਕਰਨ ਵਿੱਚ ਕਾਮਯਾਬ ਰਹੇ ਹਨ ਤੇ ਜੇਸਨ ਕੈਨੀ ਦੇ ਵਿਰੁਧ ਬੇਭਰੋਸਗੀ ਦੀ ਵੋਟ ਨਹੀਂ ਹੋ ਸਕੀ। ਉਹਨਾਂ ਦੇ ਵਿਧਾਇਕ ਬੇਸ਼ੱਕ ਵੈਕਸਿਨ ਪਾਸਪੋਰਟ ਅਤੇ ਸਿਹਤ ਪਾਬੰਦੀਆਂ 'ਤੇ ਵੰਡੇ ਹੋਏ ਹਨ ਪਰ ਮਹੱਤਵਪੂਰਨ ਮੰਨੀ ਜਾਂਦੀ ਮੀਟਿੰਗ ਵਿੱਚ ਚਰਚਾ ਕੋਵਿਡ-19 ਨੂੰ ਹੀ ਲੈ ਕੇ ਹੋਈ ਦੱਸੀ ਜਾਂਦੀ ਹੈ। ਇਸ ਮੀਟਿੰਗ ਤੋਂ ਪਹਿਲਾਂ ਕਿਹਾ ਜਾ ਰਿਹਾ ਸੀ ਕਿ ਇਹ ਮੀਟਿੰਗ ਹੰਗਾਮਾ ਭਰਪੂਰ ਹੋ ਸਕਦੀ ਹੈ ਤੇ ਕੈਨੀ ਕੋਲੋਂ ਅਸਤੀਫਾ ਮੰਗਿਆ ਜਾ ਸਕਦਾ ਹੈ ਪਰ ਅਜਿਹਾ ਕੁੱਝ ਵੀ ਨਹੀਂ ਹੋਇਆ। ਇਸ ਮੀਟਿੰਗ ਮਗਰੋਂ ਇਸ ਸਪਸ਼ਟ ਹੋ ਗਿਆ ਹੈ ਕਿ ਜੇਸਨ ਕੈਨੀ ਦੀ ਲੀਡਰਸ਼ਿਪ ਨੂੰ ਅਗਲੇ ਸਾਲ ਤੱਕ ਕੋਈ ਖ਼ਤਰਾ ਨਹੀਂ ਹੈ। ਇਸ ਸਾਲ ਨਵੰਬਰ ਵਿੱਚ ਹੋਣ ਵਾਲੇ ਪਾਰਟੀ ਦੇ ਸਲਾਨਾ ਆਮ ਅਜਲਾਸ ਵਿੱਚ ਲੀਡਰਸ਼ਿਪ ਰਿਵਿਊ ਵੀ ਨਹੀਂ ਹੋ ਸਕੇਗਾ ਤੇ ਇਸ ਨੂੰ ਅਗਲੇ ਸਾਲ ਤੱਕ ਟਾਲ ਦਿੱਤਾ ਗਿਆ ਹੈ। ਇਸ ਮੀਟਿੰਗ ਵਿੱਚ ਕੈਬਿਨੇਟ ਅਤੇ ਕੌਕਸ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਸਪਸ਼ਟ ਹੋ ਗਿਆ ਹੈ।



# ਕੋਵਿਡ ਕਾਰਣ ਟੁੱਟਿਆ ਹੋਇਆ ਇੰਡੀਆ ਕਨੇਡਾ ਦਾ ਹਵਾਈ ਸਬੰਧ ਫਿਰ ਜੁੜਿਆ, ਸਿੱਧੀਆਂ ਉਡਾਣਾਂ ਸ਼ੁਰੂ ਹੋਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਟ੍ਰਾਂਸਪੋਰਟ ਕੈਨੇਡਾ ਨੇ ਐਲਾਨ ਕੀਤਾ ਹੈ ਕਿ 27 ਸਤੰਬਰ ਤੋਂ ਭਾਰਤ ਵਾਸਤੇ ਏਅਰ ਕੈਨੇਡਾ ਦੀਆਂ ਸਿੱਧੀਆਂ ਫ਼ਲਾਇਟਸ ਸ਼ੁਰੂ ਹੋ ਰਹੀਆਂ ਹਨ। ਭਾਰਤ ਤੋਂ ਏਅਰ ਇੰਡੀਆ ਦੀਆਂ ਇਹ ਫ਼ਲਾਇਟਾਂ 30 ਸਤੰਬਰ ਤੋਂ ਸ਼ੁਰੂ ਹੋਣਗੀਆਂ। ਯਾਤਰੀਆਂ ਕੋਲ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਉਡਾਣ ਫੜਨ ਤੋਂ ਪਹਿਲਾਂ ਹੀ ਕੋਵਿਡ-19 ਮੋਲੀਕਿਊਲਰ ਟੈਸਟ ਦੀ ਨੈਗਟਿਵ ਰਿਪੋਰਟ ਹੋਣੀ ਚਾਹੀਦੀ ਹੈ। ਰਿਪੋਰਟ ਡਿਪਾਰਚਰ ਤੋਂ 18 ਤੋਂ ਜ਼ਿਆਦਾ ਘੰਟੇ ਪਹਿਲਾਂ ਦੀ ਨਹੀਂ ਹੋਣੀ ਚਾਹੀਦੀ ਤੇ ਮਾਨਤਾ ਪ੍ਰਾਪਤ ਲੈਬੋਰੇਟਰੀ ਦੀ ਹੋਣੀ ਚਾਹੀਦੀ ਹੈ। ਯਾਤਰਾ ਕਰਨ ਵਾਲੇ ਵਿਅਕਤੀ ਨੂੰ ਟੀਕੇ ਦੀ ਪੂਰੀ ਡੋਜ਼ ਲੈਣੀਆਂ ਜ਼ਰੂਰੀ ਹਨ ਤੇ ਇਸ ਬਾਰੇ ਜਾਣਕਾਰੀ ਅਰਾਈਵ ਕੈਨ ਐਪ ਜਾਂ ਵੈਬਸਾਈਟ ਉੱਤੇ ਪਾਉਣੀ ਜ਼ਰੂਰੀ ਹੈ।

# ਗੱਲ ਤਾਂ ਸੋਚਣ ਵਾਲੀ ਕਿ ਖੇਡ ਸਟੇਡੀਅਮ ਵਿੱਚ 19 ਹਜ਼ਾਰ ਲੋਕਾਂ ਦੀ ਹਾਜ਼ਰੀ ਨੂੰ ਕਿਸ ਤਰ੍ਹਾਂ ਠੀਕ ਮੰਨਿਆ ਜਾ ਸਕਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਫ਼ਲੇਮਜ਼ ਅਤੇ ਐਡਮੰਟਨ ਔਇਲਰਜ਼ ਵੱਲੋਂ ਆਪੋ ਆਪਣੀਆਂ ਪ੍ਰੀ-ਸੀਜ਼ਨ ਖੇਡ ਮੁਹਿੰਮਾਂ ਚਾਲੂ ਕਰ ਦਿੱਤੀਆਂ ਗਈਆਂ ਹਨ ਪਰ ਕਈ ਸਿਹਤ ਮਾਹਿਰਾਂ ਨੇ ਇਹਨਾਂ ਖੇਡ ਮੁਹਿੰਮਾਂ'ਤੇ ਸਵਾਲੀਆਂ ਨਿਸ਼ਾਨ ਖੜ੍ਹੇ ਕਰਦਿਆਂ ਕਿਹਾ ਹੈ ਕਿ ਕੋਵਿਡ-19 ਦੀ ਚੌਥੀ ਲਹਿਰ ਨੂੰ ਧਿਆਨ ਵਿੱਚ ਰੱਖਦਿਆਂ ਸਿਹਤ ਪਾਬੰਦੀਆਂ ਕਾਫੀ ਨਹੀਂ ਹਨ। ਇਹਨਾਂ ਮਾਹਿਰਾਂ ਦਾ ਕਹਿਣਾ ਹੈ ਕਿ ਸੈਡਲਡੋਮ ਵਿੱਚ ਲੋਕਾਂ ਦੇ ਦਾਖ਼ਲੇ 'ਤੇ ਪਾਬੰਦੀ ਨਹੀਂ ਲੱਗੀ ਹੈ ਤੇ ਇਸ ਦਾ ਹੋਣਾ ਬਹੁਤ ਜ਼ਰੂਰੀ ਹੈ। ਡਾ. ਲਾਇਨੌਰਾ ਸੈਕਸਿੰਜਰ ਦਾ ਕਹਿਣਾ ਹੈ ਕਿ ਖੇਡ ਨੂੰ ਲੈ ਕੇ ਇਹ ਫੈਸਲਾ ਠੀਕ ਨਹੀਂ ਹੈ ਤੇ ਵਾਇਰਸ ਦੇ ਫੈਲਾਅ ਦੀ ਚੌਥੀ ਲਹਿਰ ਦਰਮਿਆਨ ਸਟੇਡੀਅਮ ਵਿੱਚ 19 ਹਜ਼ਾਰ ਲੋਕਾਂ ਦੀ ਹਾਜ਼ਰੀ ਨੂੰ ਕਿਸ ਤਰ੍ਹਾਂ ਠੀਕ ਮੰਨਿਆ ਜਾ ਸਕਦਾ ਹੈ। ਉੱਧਰ ਫ਼ਲੇਮਜ਼ ਨੇ ਕਿਹਾ ਹੈ ਕਿ 12 ਸਾਲ ਤੋਂ ਉੱਪਰ ਉਮਰ ਦੇ ਸਾਰੇ ਵਿਅਕਤੀਆਂ ਨੂੰ ਵੈਕਸਿਨ ਦਾ ਸਬੂਤ ਦਿਖਾ ਕੇ ਹੀ ਅੰਦਰ ਜਾਣ ਦੀ ਆਗਿਆ ਦਿੱਤੀ ਜਾਵੇਗੀ ਤੇ ਮਾਸਕ ਪਾ ਕੇ ਰੱਖਣਾ ਪਵੇਗਾ।

# ਕਿਸਾਨ ਮੋਰਚੇ ਵੱਲੋਂ ਭਾਰਤ ਬੰਦ ਦੇ ਸੱਦੇ ਦਾ ਅਸਰ ਕਨੇਡਾ ਵਿੱਚ ਵੀ ਦਿਖਾਈ ਦਿੱਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਵਿੱਚ ਪਿਛਲੇ 10 ਮਹੀਨਿਆਂ ਤੋਂ ਕੇਂਦਰੀ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਆ ਰਹੇ ਸੰਯੁਕਤ ਕਿਸਾਨ ਮੋਰਚੇ ਵੱਲੋਂ 27 ਸਤੰਬਰ ਵਾਲੇ ਦਿਨ ਸਵੇਰ 6 ਵਜੇ ਤੋਂ ਬਾਦ ਦੁਪਹਿਰ 4 ਵਜੇ ਤੱਕ ਵਾਸਤੇ ਭਾਰਤ ਬੰਦ ਦੀ ਕਾਲ ਦਿੱਤੀ ਗਈ ਸੀ ਜਿਸ ਨੂੰ ਲੋਕਾਂ ਵੱਲੋਂ ਭਰਪੂਰ ਸਮਰਥਨ ਦਿੱਤਾ ਗਿਆ। ਸ਼ਾਮ 4 ਵਜੇ ਤੱਕ ਜਾਰੀ ਰਹੇ ਭਾਰਤ ਬੰਦ ਨੂੰ ਕਾਂਗਰਸ, ਆਮ ਆਦਮੀ ਪਾਰਟੀ, ਸਮਾਜਵਾਦੀ ਪਾਰਟੀ, ਤੇਲੁਗੂ ਦੇਸ਼ਮ, ਬਹੁਜਨ ਸਮਾਜ ਪਾਰਟੀ, ਖੱਬੇ ਪੱਖੀ ਦਲਾਂ ਅਤੇ ਸਵਰਾਜ ਇੰਡੀਆਂ ਵੱਲੋਂ ਸਮਰਥਨ ਦਿੱਤਾ ਗਿਆ ਸੀ। ਦਿੱਲੀ-ਮੇਰਠ ਹਾਇਵੇਅ ਬੰਦ ਰਿਹਾ ਤੇ ਕਈ ਥਾਂਈਂ ਟ੍ਰੇਨ ਸੇਵਾ ਵੀ ਠੱਪ ਰਹੀ ਤੇ ਦੱਖ਼ਣੀ ਸੂਬਿਆਂ ਵਿੱਚ ਇਸ ਬੰਦ ਦਾ ਅਸਰ ਦੇਖਿਆ ਗਿਆ। ਕੈਲਗਰੀ ਦੇ ਪ੍ਰੇਅਰੀ ਵਿੰਡਜ਼ ਪਾਰਕ ਵਿੱਚ ਵੀ ਪ੍ਰੋਗਰੈਸਿਵ ਕਲਚਰਲ ਸੁਸਾਇਟੀ ਅਤੇ ਸਿੱਖ ਵਿਰਸਾ ਵੱਲੋਂ ਮਾਸਟਰ ਭਜਨ ਸਿੰਘ ਗਿੱਲ ਅਤੇ ਹਰਚਰਨ ਪਰਹਾਰ ਦੀ ਅਗਵਾਈ ਹੇਠ ਕਿਸਾਨਾਂ ਦੇ ਹੱਕ ਵਿੱਚ ਇੱਕ ਰੈਲੀ ਕੀਤੀ ਗਈ।

# ਕੈਲਗਰੀ ਦੇ ਮੇਅਰ ਅਤੇ ਪੇਂਡੂ ਮਿਉਨਿਸਿਪਲ ਮੁਖੀ ਵਿਚਕਾਰ ਤਿੱਖੀਆਂ ਸ਼ਬਦੀ ਝੜਪਾਂ ਹੋਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਏਰੀਆ ਮਿਉਨਿਸਿਪੈਲਿਟੀਆਂ ਦੀ ਬੀਤੇ ਦਿਨੀਂ ਹੋਈ ਇੱਕ ਮੀਟਿੰਗ ਵਿੱਚ ਇੱਕ ਪੇਂਡੂ ਮਿਉਨਿਸਿਪਲ ਮੁਖੀ ਵੱਲੋਂ ਕੋਵਿਡ-19 ਵੈਕਸਿਨ ਸੰਬੰਧੀ ਕਥਿੱਤ ਗ਼ਲਤ ਜਾਣਕਾਰੀ ਦੇਣ ਕਰਕੇ ਕੈਲਗਰੀ ਦੇ ਮੇਅਰ ਨਾਹੀਦ ਨੈਂਸ਼ੀ ਨੇ ਉਸ ਦੀ ਤਿੱਖੀ ਆਲੋਚਨਾ ਕੀਤੀ ਹੈ। 17 ਸਤੰਬਰ ਵਾਲੇ ਦਿਨ ਕੈਲਗਰੀ ਮੈਟਰੋਪੌਲਿਟਨ ਰਿਜਨ ਬੋਰਡ - ਸੀ.ਐਮ.ਆਰ.ਬੀ. ਦੀ ਇਹ ਮੀਟਿੰਗ ਰੱਖੀ ਗਈ ਸੀ ਇਸ ਮੌਕੇ ਫੁਟਹਿਲਜ਼ ਕਾਊਂਟੀ ਦੀ ਮਿਉਨਿਸਪਲ ਮੁਖੀ ਸੁਜ਼ੈਨ ਐਲ ਨੇ ਕੋਵਿਡ-19 ਵੈਕਸਿਨ ਦੀ ਸੁਰਖਿਆ ਨੂੰ ਲੈ ਕੇ ਸਵਾਲ ਖੜ੍ਹੇ ਕਰ ਦਿੱਤੇ। ਸੁਜ਼ੈਨ ?ਐਲ ਦਾ ਕਹਿਣਾ ਸੀ ਕਿ ਸੂਬੇ ਦਾ ਵੈਕਸਿਨ ਪਾਸਪੋਰਟ ਪ੍ਰੋਗਰਾਮ ਠੀਕ ਨਹੀਂ। ਫੁਟਹਿਲਜ਼ ਕਾਊਂਟੀ ਦੀ ਰੀਵ ਨੇ ਕਿਹਾ ਕਿ ਅਜੇ ਦਵਾਈ ਦਾ ਪ੍ਰਯੋਗ ਚੱਲ ਰਿਹਾ ਹੈ ਤੇ ਇਸ ਦੇ ਨਤੀਜੇ ਵੀ ਸਪਸ਼ਟ ਨਹੀਂ, ਇਸ ਲਈ ਇਸ ਦਾ ਪ੍ਰਚਾਰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਹ ਗੱਲਾਂ ਸੁਣਦੇ ਸਾਰ ਹੀ ਭੜਕੇ ਕੈਲਗਰੀ ਦੇ ਮੇਅਰ ਨਾਹੀਦ ਨੈਂਸ਼ੀ ਨੇ ਕਿਹਾ ਕਿ ਜੋ ਕੁੱਝ ਸੁਜ਼ੈਨ ?ਐਲ ਕਹਿ ਰਹੇ ਹਨ ਉਹ ਉੱਕਾ ਹੀ ਠੀਕ ਨਹੀਂ ਤੇ ਵੈਕਸਿਨ ਵਿਰੋਧੀ ਵਿਚਾਰਾਂ ਨੂੰ ਅਪਣਾ ਕੇ ਲੋਕਾਂ ਦਾ ਜੀਵਨ ਖ਼ਤਰੇ ਵਿੱਚ ਨਹੀਂ ਪਾਇਆ ਜਾ ਸਕਦਾ। ਮੇਅਰ ਨੇ ਕਿਹਾ ਕਿ ਫੁਟਹਿਲਜ਼ ਕਾਊਂਟੀ ਰੀਵ ਨੂੰ ਸ਼ਰਮ ਕਰਨੀ ਚਾਹੀਦੀ ਹੈ। ਇਸ 'ਤੇ ਦੋਵੇਂ ਆਗੂ ਭਿੜ ਪਏ ਤੇ ਦੋਵਾਂ ਵਿਚਕਾਰ ਤਿੱਖੀਆਂ ਸ਼ਬਦੀ ਝੜਪਾਂ ਹੋਈਆਂ।

# ਜੱਜ ਸਾਹਿਬਾਨ ਦਾ ਫੈਸਲਾ ਹੈ ਕਿ ਅਦਾਲਤ ਵਿੱਚ ਜਾਣ ਵਾਲੇ ਸਾਰੇ ਜਿਊਰੀ ਮੈਂਬਰਾਂ ਦੇ ਵੈਕਸੀਨ ਲੱਗੀ ਹੋਣੀ ਚਾਹੀਦੀ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਕੋਰਟ ਔਫ਼ ਕੁਈਨ'ਜ਼ ਬੈਂਚ ਦੇ ਜੱਜ, ਜਸਟਿਸ ਐਨ.ਈ. ਡੈਵਲਿਨ ਨੇ ਆਪਣੇ ਇੱਕ ਫੈਸਲੇ ਵਿੱਚ ਕਿਹਾ ਹੈ ਕਿ ਉਹਨਾਂ ਦੀ ਅਦਾਲਤ ਵਿੱਚ ਆਉਣ ਵਾਲੇ ਇੱਕ ਮੁਕੱਦਮੇ ਦੀ ਸੁਣਵਾਈ ਵਾਸਤੇ ਜਿਊਰੀ ਦੇ ਸਾਰੇ ਮੈਂਬਰਾਂ ਦੇ ਵੈਕਸਿਨ ਲੱਗੀ ਹੋਣੀ ਚਾਹੀਦੀ ਹੈ ਤੇ ਜੇ ਕਿਸੇ ਦੇ ਵੈਕਸਿਨ ਨਹੀਂ ਲੱਗੀ ਹੋਈ ਤਾਂ ਉਸ ਨੂੰ ਜਿਊਰੀ ਦਾ ਮੈਂਬਰ ਨਹੀਂ ਬਣਾਇਆ ਜਾਵੇਗਾ। ਵੈਕਸਿਨ ਨਾ ਲੱਗੇ ਹੋਣ ਵਾਲਾ ਜਿਊਰੀ ਮੈਂਬਰ ਦੂਜਿਆਂ ਲਈ ਖ਼ਤਰਾ ਹੋਵੇਗਾ ਤੇ ਬਾਕੀ ਮੈਂਬਰਾਂ ਦਾ ਧਿਆਨ ਭਟਕਾਏਗਾ। ਟੈਰੀ ਵਿੱਚ ਵੀ ਇਸੇ ਤਰ੍ਹਾਂ ਦਾ ਨਿਯਮ ਬਣਾਇਆ ਗਿਆ ਹੈ ਪਰ ਕਿਊਬੈਕ ਨੇ ਇਸ ਤਰ੍ਹਾਂ ਦੀ ਕੋਈ ਸ਼ਰਤ ਨਹੀਂ ਰੱਖੀ ਹੈ।

# ਰਾਜਨੀਤਕ ਉੱਥਲ-ਪੁੱਥਲ ਵਿੱਚੋਂ ਮੁੱਖ ਮੰਤਰੀ ਚੰਨੀ ਅਤੇ ਹੋਰ ਨਵੇਂ ਮੰਤਰੀਆਂ ਨੇ ਸਹੁੰ ਚੁੱਕੀ


ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਸੂਬੇ ਪੰਜਾਬ ਵਿੱਚ ਮੁੱਖਮੰਤਰੀ ਚਰਨਜੀਤ ਸਿੰਘ ਚੰਨੀ ਦੀ ਕੈਬਨਿਟ ਵਿੱਚ ਨਵੇਂ ਮੰਤਰੀਆਂ ਨੇ ਸਹੁੰ ਚੁੱਕ ਲਈ ਹੈ। ਸੀਨੀਅਰ ਕਾਂਗਰਸੀ ਆਗੂ ਬ੍ਰਹਮ ਮੋਹਿੰਦਰਾ ਤੇ ਮਨਪ੍ਰੀਤ ਸਿੰਘ ਬਾਦਲ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਅਰੁਣਾ ਚੌਧਰੀ, ਸੁਖਵਿੰਦਰ ਸਿੰਘ ਸਰਕਾਰੀਆ, ਵਿਜੇ ਇੰਦਰ ਸਿੰਗਲਾ, ਭਾਰਤ ਭੂਸ਼ਣ ਆਸ਼ੂ ਤੇ ਰਜ਼ੀਆ ਸੁਲਤਾਨਾ ਨੇ ਵੀ ਕੈਬਨਿਟ ਮੰਤਰੀ ਵੱਜੋਂ ਸਹੁੰ ਚੁੱਕੀ ਹੈ। ਕੁੱਝ ਵਿਧਾਇਕਾਂ ਵੱਲੋਂ ਵਿਰੋਧ ਦੇ ਬਾਵਜੂਦ ਰਾਣਾ ਗੁਰਜੀਤ ਨੂੰ ਕੈਬਨਿਟ ਮੰਤਰੀ ਬਣਾਇਆ ਗਿਆ ਹੈ। ਇਸ ਵਿਰੋਧ ਦੀ ਅਗਵਾਈ ਸੁਖਪਾਲ ਸਿੰਘ ਖਹਿਰਾ ਕਰ ਰਹੇ ਸਨ। ਅਮਲੋਹ ਤੋਂ ਵਿਧਾਇਕ ਰਣਦੀਪ ਸਿੰਘ ਨਾਭਾ ਨੂੰ ਵੀ ਕੈਬਨਿਟ ਮੰਤਰੀ ਬਣਾਇਆ ਗਿਆ ਹੈ। ਉਹ ਪਹਿਲੀ ਵਾਰ ਕੈਬਨਿਟ ਵਿੱਚ ਸ਼ਾਮਿਲ ਹੋਏ ਹਨ। ਅੰਮ੍ਰਿਤਸਰ-ਪੱਛਮ ਤੋਂ ਵਿਧਾਇਕ ਰਾਜ ਕੁਮਾਰ ਵੇਰਕਾ ਨੂੰ ਵੀ ਪਹਿਲੀ ਵਾਰ ਕੈਬਨਿਟ ਵਿੱਚ ਥਾਂ ਮਿਲੀ ਹੈ। ਨਵਜੋਤ ਸਿੱਧੂ ਧੜੇ ਦੇ ਮੁੱਖ ਚਿਹਰੇ ਵੱਜੋਂ ਮੰਨੇ ਜਾਂਦੇ ਜਲੰਧਰ ਕੈਂਟ ਤੋਂ ਪਰਗਟ ਸਿੰਘ ਨੂੰ ਵੀ ਕੈਬਨਿਟ ਮੰਤਰੀ ਬਣਾਇਆ ਗਿਆ ਹੈ। ਗਿੱਦੜਬਾਹਾ ਤੋਂ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਵੀ ਪੰਜਾਬ ਕੈਬਨਿਟ ਵਿੱਚ ਥਾਂ ਮਿਲੀ ਹੈ। ਬੇਅੰਤ ਸਿੰਘ ਦੇ ਪੋਤੇ ਅਤੇ ਖੰਨਾ ਤੋਂ ਵਿਧਾਇਕ ਗੁਰਕੀਰਤ ਸਿੰਘ ਕੋਟਲੀ ਨੇ ਵੀ ਪਹਿਲੀ ਵਾਰ ਕੈਬਨਿਟ ਮੰਤਰੀ ਵੱਜੋਂ ਸਹੁੰ ਚੁੱਕੀ ਹੈ। ਰਾਣਾ ਗੁਰਮੀਤ ਸਿੰਘ ਸੋਢੀ, ਸਾਧੂ ਸਿੰਘ ਧਰਮਸੋਤ, ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ ਤੇ ਸੁੰਦਰ ਸ਼ਾਮ ਅਰੋੜਾ ਦੀ ਮੰਤਰੀਮੰਡਲ ਤੋਂ ਛੁੱਟੀ ਕਰ ਦਿੱਤੀ ਗਈ ਹੈ। ਕਿਹੜੇ ਮੰਤਰੀ ਨੂੰ ਕਿਹੜਾ ਮਹਿਕਮਾਂ ਮਿਲੇਗਾ ਇਹ ਫੈਸਲਾ ਹੋਣਾਂ ਹਾਲੇ ਬਾਕੀ ਹੈ।



SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

# ਜਿਹਨਾਂ ਦਾ ਮਾੜਾ ਮੋਟਾ ਰੇੜਕਾ ਜਿਹਾ ਸੀ ਉਹਨਾਂ ਦੇ ਨਤੀਜੇ ਵੀ ਆ ਗਏ ਹਨ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸੋਮਵਾਰ 20 ਸਤੰਬਰ ਵਾਲੇ ਦਿਨ ਹੋਈਆਂ ਫੈਡਰਲ ਵੋਟਾਂ ਵਿੱਚ ਲਗਪਗ ਸਾਰੇ ਨਤੀਜੇ ਆ ਗਏ ਹਨ ਪਰ ਦੇਸ਼ ਦੀਆਂ 7 ਰਾਇਡਿੰਗਾਂ ਵਿੱਚ ਵੋਟਾਂ ਦੀ ਗਿਣਤੀ ਅਜੇ ਵੀ ਜਾਰੀ ਸੀ। ਇਹਨਾਂ ਰਾਇਡਿੰਗਾਂ ਵਿੱਚ ਦੋ ਉਮੀਦਵਾਰਾਂ ਵੱਲੋਂ ਹਾਸਲ ਵੋਟਾਂ ਵਿੱਚ 100 ਤੋਂ ਵੀ ਘੱਟ ਦਾ ਫ਼ਰਕ ਸੀ ਜਿਸ ਕਰਕੇ ਨਤੀਜਾ ਐਲਾਨ ਕਰਨ ਵਿੱਚ ਦੇਰੀ ਹੋਈ ਹੈ। ਕਿਸੇ ਵੀ ਰਾਇਡਿੰਗ ਤੋਂ ਦੁਬਾਰਾ ਗਿਣਤੀ ਦੀ ਰਿਕੁਐਸਟ ਨਹੀਂ ਆਈ ਦੱਸੀ ਜਾਂਦੀ। ਐਲਬਰਟਾ ਦੀਆਂ ਸਾਰੀਆਂ 34 ਰਾਇਡਿੰਗਾਂ ਦੇ ਨਤੀਜੇ ਐਲਾਨ ਦਿੱਤੇ ਗਏ ਹਨ। ਐਡਮੰਟਨ ਸੈਂਟਰ ਰਾਇਡਿੰਗ ਤੋਂ ਲਿਬਰਲ ਉਮੀਦਵਾਰ ਰੈਂਡੀ ਬੌਇਜ਼ੌਨਉ 16561 ਵੋਟ ਲੈ ਕੇ ਆਪਣੇ ਨੇੜਲੇ ਵਿਰੋਧੀ ਕੰਜ਼ਰਵੇਟਿਵ ਪਾਰਟੀ ਉਮੀਦਵਾਰ ਜੇਮਜ਼ ਕਮਿੰਗ ਤੋਂ 616 ਵੋਟਾਂ ਦੇ ਫ਼ਰਕ ਨਾਲ ਜਿੱਤ ਗਏ ਹਨ। ਐਡਮੰਟਨ ਗ੍ਰੀਸ਼ਬੈਕ ਤੋਂ ਐਨਡੀਪੀ ਉਮੀਦਵਾਰ ਬਲੇਕ ਡੇਜਾਰਲਾਇ 16623 ਵੋਟ ਲੈ ਕੇ ਆਪਣੇ ਨੇੜਲੇ ਵਿਰੋਧੀ ਕੰਜ਼ਰਵੇਟਿਵ ਪਾਰਟੀ ਦੇ ਕੈਰੀ ਡਿ-ਟ ਨੂੰ 1006 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਕਾਮਯਾਬ ਹੋਏ ਹਨ। ਕੈਲਗਰੀ ਸਕਾਇਵਿਊ ਤੋਂ ਲਿਬਰਲ ਜੌਰਜ ਚਾਹਲ ਨੇ 20092 ਵੋਟਾਂ ਲੈ ਕੇ ਕੰਜ਼ਰਵੇਟਿਵ ਜੈਗ ਸਹੋਤਾ ਨੂੰ 3324 ਵੋਟਾਂ ਦੇ ਫ਼ਰਕ ਨਾਲ ਮਾਤ ਦਿੱਤੀ ਹੈ।




# ਕੁੱਝ ਸਿਹਤ ਮਾਹਿਰ ਕਹਿੰਦੇ ਲੌਕ ਡਾਊਨ ਲਗਾਓ ਪਰ ਪ੍ਰੀਮੀਅਰ ਕੈਨੀ ਨੇ ਸਖ਼ਤੀ ਨਾਲ ਲੌਕ ਡਾਉਨ ਕਰਨ ਤੋਂ ਇਨਕਾਰ ਕਰ ਦਿੱਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਸਾਬਕਾ ਚੀਫ਼ ਮੈਡੀਕਲ ਅਫਸਰ ਔਫ਼ ਹੈਲਥ ਡਾ. ਜੇਮਜ਼ ਟੈਲਬੌਟ ਅਤੇ ਕ੍ਰਿਟਿਕਲ ਕੇਅਰ ਸਪੈਸ਼ਲਿਸਟ ਡਾ. ਨੋਇਲ ਗਿਬਨੀ ਨੇ ਸੂਬੇ ਦੇ ਹੈਲਥ ਮਨਿਸਟਰ ਜੇਸਨ ਕੌਪਿੰਗ ਨੂੰ ਲਿਖੀ ਇੱਕ ਚਿੱਠੀ ਵਿੱਚ ਕਿਹਾ ਹੈ ਕਿ ਕੋਰਾਨ ਵਾਇਰਸ ਦੀ ਚੌਥੀ ਲਹਿਰ ਕਾਰਨ ਹੈਲਥ ਕੇਅਰ ਸਿਸਟਮ ਢਹਿ ਢੇਰੀ ਹੋ ਗਿਆ ਹੈ। ਇਸ ਨੂੰ ਬਚਾਉਣ ਵਾਸਤੇ ਅਤੇ ਬੋਝ ਹੇਠੋਂ ਕੱਢਣ ਲਈ ਵਾਧੂ ਕਦਮ ਚੁੱਕੇ ਜਾਣ ਦੀ ਲੋੜ ਹੈ। ਇਹਨਾਂ ਦੋਵਾਂ ਡਾਕਟਰਾਂ ਨੇ ਸਿਫਾਰਿਸ਼ ਕੀਤੀ ਹੈ ਕਿ ਆਈ.ਸੀ.ਯੂ. ਮਰੀਜ਼ਾਂ ਨੂੰ ਦੂਜੇ ਸੂਬਿਆਂ ਵੱਲ ਰਵਾਨਾ ਕੀਤਾ ਜਾਵੇ, ਸਾਰੀਆਂ ਨੌਨ-ਇਸੈਂਸ਼ੀਅਲ ਸੇਵਾਵਾਂ ਵਾਸਤੇ ਵੈਕਸਿਨ ਲਾਜ਼ਿਮ ਕੀਤੀ ਜਾਵੇ, 4 ਹਫ਼ਤਿਆਂ ਲਈ ਸਖ਼ਤ ਪਾਬੰਦੀਆਂ ਤਹਿਤ ਸ਼ਰਾਬ ਵਾਲੀਆਂ ਬਾਰਾਂ, ਇਨਡੋਰ ਡਾਇਨਿੰਗ, ਇਨਡੋਰ ਐਕਸਰਸਾਇਜ਼ ਐਂਡ ਸਪੋਰਟਸ, ਧਾਰਮਿਕ ਸਥਾਨਾਂ ਅਤੇ ਸਟੋਰਾਂ ਲਈ ਕਪੈਸਿਟੀ ਲਿਮਿਟ ਤੁਰੰਤ ਲਾਗੂ ਹੋਣੇ ਚਾਹੀਦੇ ਹਨ। ਸਕੂਲਾਂ ਵਿੱਚ ਮਾਸਕ ਲਾਜ਼ਿਮੀ ਕੀਤਾ ਜਾਣਾ ਚਾਹੀਦਾ ਹੈ। ਕੋਵਿਡ-19 ਪੌਜ਼ਿਟਿਵ ਆਉਣ ਵਾਲੇ ਕੇਸਾਂ ਵਾਸਤੇ ਕੌਨਟੈਕਟ ਟ੍ਰੇਸਿੰਗ ਅਤੇ ਸਾਰੇ ਕਰਮਚਾਰੀਆਂ ਵਾਸਤੇ ਵੈਕਸਿਨ ਲਾਜ਼ਿਮ ਕੀਤੀ ਜਾਣੀ ਚਾਹੀਦੀ ਹੈ। ਡਾ. ਟੈਲਬੌਟ ਨੇ ਕਿਹਾ ਕਿ ਸਥਿੱਤੀ ਹੋਰ ਖ਼ਰਾਬ ਹੋਣ ਦਾ ਖ਼ਦਸ਼ਾ ਹੈ ਤੇ ਜੇ ਸੂਬੇ ਨੂੰ ਬਚਾਉਣਾ ਹੈ ਤਾਂ ਸਖ਼ਤੀ ਨਾਲ ਪਾਬੰਦੀਆਂ ਲਾਗੂ ਕੀਤੇ ਜਾਣ ਦੀ ਲੋੜ ਹੈ। ਉੱਧਰ ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਇੱਕ ਰੇਡੀ? ਇੰਟਰਵਿਊ ਵਿੱਚ ਕਿਹਾ ਕਿ ਲੌਕ ਡਾਉਨ ਲਗਾਉਣਾ ਉਹਨਾਂ ਲੋਕਾਂ ਨੂੰ ਸਜ਼ਾ ਦੇਣ ਦੇ ਬਰਾਬਰ ਹੈ ਜਿਹਨਾਂ ਨੇ ਵੈਕਸਿਨ ਲੈ ਲਈ ਹੈ। ਉਹਨਾਂ ਕਿਹਾ ਕਿ 80% ਸੂਬਾ ਵਾਸੀ ਵੈਕਸਿਨੇਟ ਹੋ ਚੁੱਕੇ ਹਨ ਤੇ 20% ਬਾਕੀ ਲੋਕ ਹੀ ਇਸ ਚੌਥੀ ਲਹਿਰ ਵਾਸਤੇ ਜ਼ਿੰਮੇਦਾਰ ਹਨ। ਪ੍ਰੀਮੀਅਰ ਨੇ ਸਖ਼ਤੀ ਨਾਲ ਲੌਕ ਡਾਉਨ ਕਰਨ ਤੋਂ ਫਿਲਹਾਲ ਇਨਕਾਰ ਕਰ ਦਿੱਤਾ ਹੈ।

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Ph : 403-285-3097
Now We Open 7 Days a week
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



ਕਿਸੇ ਬੇਕਸੂਰ ਨੂੰ ਬਚਾਉਣ ਲਈ ਬੋਲਿਆ ਝੂਠ ਓਹਦੀ ਜ਼ਿੰਦਗੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਬਨਾਵਟੀ ਸੱਚ ਤੋਂ ਲੱਖ ਦਰਜੇ ਚੰਗਾ ਹੈ

# ਜਾਤੀਗਤ ਮਰਦਮਸ਼ੁਮਾਰੀ ਦੀਆਂ ਕਠਿਨਾਈਆਂ

ਮਹਾਰਾਸ਼ਟਰ ਸਰਕਾਰ ਵਲੋਂ ਦਾਇਰ ਕੀਤੀ ਗਈ ਪਟੀਸ਼ਨ ਦੇ ਜਵਾਬ ਵਿੱਚ ਕੇਂਦਰ ਸਰਕਾਰ ਨੇ ਵੀਰਵਾਰ ਨੂੰ ਸੁਪਰੀਮ ਕੋਰਟ ਵਿੱਚ ਹਲਫਨਾਮਾ ਦਾਇਰ ਕਰਦੇ ਹੋਏ ਸਪਸ਼ਟ ਕਰ ਦਿੱਤਾ ਕਿ ਉਹ 2021 ਦੀ ਮਰਦਮਸ਼ੁਮਾਰੀ ਵਿੱਚ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਇਲਾਵਾ ਕਿਸੇ ਵੀ ਜਾਤੀ ਨਾਲ ਸਬੰਧਤ ਸੂਚਨਾਵਾਂ ਇਕੱਠੀਆਂ ਕਰਨ ਦੇ ਪੱਖ ਵਿੱਚ ਨਹੀਂ ਹੈ। ਕੇਂਦਰ ਸਰਕਾਰ ਦੇ ਇਸ ਰੁਖ ’ਤੇ ਹੁਣ ਰਾਜ ਸਰਕਾਰਾਂ ਆਪਣਾ ਪੱਖ ਰੱਖਣਗੀਆਂ ਅਤੇ ਫਿਰ ਅਦਾਲਤ ਤਮਾਮ ਪਹਿਲੂਆਂ ’ਤੇ ਵਿਚਾਰ ਕਰਦੇ ਹੋਏ ਕੋਈ ਫੈਸਲਾ ਦੇਵੇਗੀ, ਪਰ ਇਸ ਹਲਫਨਾਮੇ ਨਾਲ ਇਸ ਮਸਲੇ ਉਤੇ ਕੇਂਦਰ ਸਰਕਾਰ ਦਾ ਰੁਖ ਪੂਰੀ ਤਰ੍ਹਾਂ ਸਾਫ ਹੋ ਗਿਆ। ਹਾਲਾਂਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਯਾਨੰਦ ਰਾਏ ਨੇ 20 ਜੁਲਾਈ ਨੂੰ ਲੋਕ ਸਭਾ ਵਿੱਚ ਇਕ ਸਵਾਲ ਦੇ ਲਿਖਤ ਜਵਾਬ ਵਿੱਚ ਦੱਸ ਦਿੱਤਾ ਸੀ ਕਿ ਭਾਰਤ ਸਰਕਾਰ ਨੇ ਮਰਦਮਸ਼ੁਮਾਰੀ ਵਿੱਚ ਐਸ ਸੀ/ਐਸ ਟੀ ਦੇ ਇਲਾਵਾ ਹੋਰ ਜਾਤੀਆਂ ਨੂੰ ਨਾ ਗਿਣਨ ਦਾ ਨੀਤੀਗਤ ਫੈਸਲਾ ਲਿਆ ਹੈ। ਪਰ ਇਸ ਦੇ ਬਾਅਦ 23 ਅਗਸਤ ਨੂੰ ਬਿਹਾਰ ਦੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਵੱਖ-ਵੱਖ ਦਲਾਂ ਦਾ ਇਕ ਪ੍ਰਤੀਨਿਧ ਮੰਡਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਜਾਤੀ ਅਧਾਰਿਤ ਮੁਰਦਮ ਸ਼ੁਮਾਰੀ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਨੇ ਇਸ ਵਫਦ ਨੂੰ ਆਪਣੇ ਵੱਲੋਂ ਕੋਈ ਭਰੋਸਾ ਨਹੀਂ ਦਿੱਤਾ, ਪਰ ਨਾ ਕੇਵਲ ਭਾਜਪਾ ਨੇਤਾਵਾਂ ਨੇ ਵਫਦ ਦੀ ਮੰਗ ਨਾਲ ਸਹਿਮਤੀ ਪ੍ਰਗਟ ਕੀਤੀ ਬਲਕਿ ਪਾਰਟੀ ਨੇ ਇਸ ਵਿੱਚ ਆਪਣਾ ਇਕ ਨੁਮਾਇੰਦਾ ਵੀ ਭੇਜਿਆ। ਇਸ ਲਈ ਇਹ ਸੰਭਾਵਨਾ ਪ੍ਰਗਟ ਕੀਤੀ ਜਾਣ ਲੱਗੀ ਸੀ ਕਿ ਹੁਣ ਇਸ ਮਸਲੇ ਉਤੇ ਸਰਕਾਰ ਦੇ ਰੁਖ ਵਿੱਚ ਥੋੜ੍ਹੀ ਨਰਮੀ ਦਿਸੇਗੀ। ਫਿਲਹਾਲ ਸਰਕਾਰ ਦੇ ਇਸ ਹਲਫਨਾਮੇ ਵਿੱਚ ਜਿੱਥੇ ਇੱਕ ਪਾਸੇ ਨੀਤੀਗਤ ਰਵਈਆ ਦੀ ਗੱਲ ਕਹੀ ਗਈ ਹੈ, ਉਥੇ ਹੀ ਦੂਜੇ ਪਾਸੇ ਜਾਤੀਗਤ ਮੁਰਦਮ ਸ਼ੁਮਾਰੀ ਦੇ ਰਾਹ ਵਿੱਚ ਆਉਣ ਵਾਲੀਆਂ ਵਿਵਹਾਰਕ ਕਠਿਨਾਈਆਂ ਵੀ ਗਿਣਾਈਆਂ ਗਈਆਂ ਹਨ। ਨੀਤੀ ਦੇ ਸਵਾਲ ਉਤੇ ਇਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਨੇ 1951 ਵਿੱਚ ਆਜ਼ਾਦੀ ਦੇ ਬਾਅਦ ਪਹਿਲੀ ਜਨਗਣਨਾ ਦੇ ਸਮੇਂ ਹੀ ਇਹ ਤਹਿ ਕਰ ਦਿੱਤਾ ਸੀ ਕਿ ਐਸ ਸੀ ਅਤੇ ਐਸ ਟੀ ਦੇ ਇਲਾਵਾ ਹੋਰ ਜਾਤੀਆਂ ਨਾਲ ਸਬੰਧਤ ਸੂਚਨਾਵਾਂ ਨੂੰ ਮਰਦਮਸ਼ੁਮਾਰੀ ਦਾ ਹਿੱਸਾ ਨਹੀਂ ਬਣਾਇਆ ਜਾਵੇਗਾ। ਪਰ ਜਦੋਂ ਇਹ ਨੀਤੀ ਬਣਾਈ ਗਈ ਸੀ ਉਦੋਂ ਐਸ ਸੀ/ਐਸ ਟੀ ਦੇ ਇਲਾਵਾ ਕਿਸੇ ਹੋਰ ਜਾਤੀ ਦੇ ਲਈ ਰਾਖਵਾਂਕਰਨ ਦੀ ਵਿਵਸਥਾ ਨਹੀਂ ਸੀ। ਹੁਣ ਜਦੋਂ ਓ ਬੀ ਸੀ ਰਾਖਵਾਂਕਰਨ ਨੂੰ ਤਿੰਨ ਦਹਾਕੇ ਹੋ ਚੁੱਕੇ ਹਨ ਅਤੇ ਉਸ ਦੇ ਫਾਇਦਿਆਂ ਦੀ ਢੰਗ ਨਾਲ ਸਮੀਖਿਆ ਕਰਨ ਦੀ ਲੋੜ ਮਹਿਸੂਸ ਹੋ ਰਹੀ ਹੈ ਤਾਂ ਫਿਰ 1951 ਦੇ ਨੀਤੀਗਤ ਫੈਸਲੇ ਦਾ ਹਵਾਲਾ ਦੇਣਾ ਤਰਕਸੰਗਤ ਨਹੀਂ ਮੰਨਿਆ ਜਾ ਸਕਦਾ। ਜਿੱਥੋਂ ਤੱਕ ਵਿਵਹਾਰਿਕ ਦਿੱਕਤਾਂ ਦੀ ਗੱਲ ਹੈ ਤਾਂ ਸਰਕਾਰ ਦੀ ਇਸ ਗੱਲ ਵਿੱਚ ਦਮ ਹੈ ਕਿ ਜਾਤੀ, ਗੋਤ, ਉਪਜਾਤੀ ਨਾਲ ਸਬੰਧਤ ਉਲਝਣਾ ਇਸ ਕੰਮ ਨੂੰ ਬਹੁਤ ਜ਼ਿਆਦਾ ਕਠਿਨ ਬਣਾ ਦਿੰਦੀਆਂ ਹਨ। ਇਨ੍ਹਾਂ ਹੀ ਉਲਝਣਾ ਦੇ ਕਾਰਨ 2011 ਦੀ ਮਰਦਮਸ਼ੁਮਾਰੀ ਦੇ ਦੌਰਾਨ ਜੁਟੇ ਗਏ ਆਂਕੜਿਆਂ ਵਿੱਚ ਇੰਨੀਆਂ ਗਲਤੀਆਂ ਪਾਈਆਂ ਗਈਆਂ ਕਿ ਉਨ੍ਹਾਂ ਨੂੰ ਇਸਤੇਮਾਲ ਦੇ ਲਾਈਕ ਵੀ ਨਹੀਂ ਮੰਨਿਆ ਜਾ ਸਕਿਆ। ਪਰ ਚਾਹੇ ਜਿੰਨੀਆ ਵੀ ਗੰਭੀਰ ਹੋਣ, ਗਲਤੀਆਂ ਨੂ ਕਿਸੇ ਫੈਸਲੇ ਜਾਂ ਨੀਤੀ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਕੋਸ਼ਿਸ਼ ਹਮੇਸ਼ਾ ਗਲਤੀਆਂ ਨੂੰ ਦਰੁਸਤ ਕਰਕੇ ਅੱਗੇ ਵਧਣ ਦੀ ਹੁੰਦੀ ਹੈ, ਗਲਤੀਆਂ ਦਾ ਵਾਸਤਾ ਦੇ ਕੇ ਕਿਸੇ ਕੰਮ ਨੂੰ ਟਾਲਣਾ ਕੋਈ ਬਦਲ ਨਹੀਂ ਹੁੰਦਾ। ਮੌਜੂਦਾ ਮਾਮਲੇ ਵਿੱਚ ਵੀ ਸਰਕਾਰ ਦੇ ਯਤਨਾਂ ਦੀ ਦਿਸ਼ਾ ਜਾਤੀਆਂ ਨਾਲ ਸਬੰਧਤ ਉਲਝਣਾ ਨੂੰ ਦੂਰ ਕਰਨ ਅਤੇ ਸਹੀ ਅਤੇ ਪ੍ਰਮਾਣਿਕ ਸੂਚਨਾਵਾਂ ਤੱਕ ਪਹੁੰਚ ਨਿਸ਼ਚਿਤ ਕਰਨ ਦੀ ਹੀ ਹੋਣੀ ਚਾਹੀਦੀ ਹੈ।

**ਸੁਖਜਿੰਦਰ ਸਮਰਾ**
ਮੋ. 95835-92000

**403 640 2000**
**punjabiakhbaar@gmail.com**

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.

-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਚੋਣਾਂ ਜਿੱਤਣ ਲਈ ਮੁੱਖ ਮੰਤਰੀ ਚਿਹਰੇ ਐਲਾਨਣਾ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ



**ਗੁਰਮੀਤ ਸਿੰਘ ਪਲਾਹੀ**

ਦੇਸ਼ ਵਿਚ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਵਿਧਾਨ ਸਭਾ ਚੋਣਾਂ ਹੁਣ ਆਪਣੇ ਚੋਣ ਮੈਨੀਫੈਸਟੋ ਅੱਗੇ ਰੱਖਕੇ ਨਹੀਂ, ਸਗੋਂ ਉਸ ਸੂਬੇ ਦਾ ਮੁੱਖ ਮੰਤਰੀ ਦਾ ਚਿਹਰਾ ਕੌਣ ਹੋਵੇਗਾ, ਇਸ ਅਧਾਰ ਤੇ ਲੜਨ ਲੱਗ ਪਈਆਂ ਹਨ। ਇਸ ਤੋਂ ਵੀ ਅਗਲੀ ਗੱਲ ਇਹ ਹੈ ਕਿ ਲਗਭਗ ਸਾਰੀਆਂ ਪਾਰਟੀਆਂ ਹੀ ਆਪਣੇ ਵਰਕਰਾਂ, ਹੇਠਲੇ ਜ਼ਮੀਨੀ ਪੱਧਰ ਦੇ ਨੇਤਾਵਾਂ ਦੀ ਹਕੀਕੀ ਰਾਏ ਨਾਲੋਂ ਵੱਧ ਆਪਣੀ ਸਿਆਸੀ ਪਾਰਟੀ ਲਈ ਕਰੋੜਾਂ ਰੁਪਏ ਦੇ ਕਿਰਾਏ ’ਤੇ ਰੱਖੇ ਚੋਣਾਂ ਲੜਾਉਣ ਵਾਲੇ ਮਾਹਰਾਂ ਵਲੋਂ ਤਿਆਰ ਸਮੱਗਰੀ, ਚੋਣ ਨਾਹਰੇ, ਚੋਣ ਯੁਗਤਾਂ ਨੂੰ ਅੰਤਿਮ ਮੰਨਕੇ ਅੱਗੇ ਤੁਰਦੇ ਹਨ। ਬਹੁਤੀਆਂ ਪਾਰਟੀਆਂ ਇਹਨਾ ਕਾਰਪੋਰੇਟੀ ਮਾਹਿਰਾਂ ਦੀ ਸਲਾਹ ਨੂੰ ਤਰਜ਼ੀਹ ਦੇ ਕੇ ਆਪਣੇ ਵਰਕਰਾਂ, ਨੇਤਾਵਾਂ ਨੂੰ ਵਿਧਾਇਕੀ ਟਿਕਟਾਂ ਦੇ ਕੇ ਚੋਣਾਂ ਲੜਾਉਂਦੀਆਂ ਹਨ। ਪੰਜਾਬ ਦੇ ਮੌਜੂਦਾ ਹਾਲਾਤ ਵੇਖੋ, ਅਕਾਲੀ ਦਲ ਬਾਦਲ ਅਤੇ ਬਸਪਾ ਨੇ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ ਹੈ। ਪੰਜਾਬ ਕਾਂਗਰਸ ਵਿਚ ਮੁੱਖ ਮੰਤਰੀ ਦੇ ਚਿਹਰੇ ਲਈ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿਚਕਾਰ ਮੁਕਾਬਲੇਬਾਜੀ ਹੈ, ਕਿਉਂਕਿ ਕਾਂਗਰਸ’ ਹਾਈ ਕਮਾਂਡ ਨੇ ਹੀ ਤਹਿ ਕਰਨਾ ਹੈ ਕਿ ਵਿਧਾਨ ਸਭਾ ਚੋਣਾਂ ’ਚ ਮੁੱਖ ਮੰਤਰੀ ਦਾ ਕਾਂਗਰਸੀ ਚਿਹਰਾ ਕੌਣ ਹੋਵੇ। ਭਾਜਪਾ ਨੇ ਕਿਸੇ ਐਸ.ਸੀ. ਵਰਗ ਦੇ ਨੇਤਾ ਜਾਂ ਸਖਸ਼ੀਅਤ ਨੂੰ ਅੱਗੇ ਕਰਕੇ ਚੋਣ ਲੜਨੀ ਹੈ। ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਦੀ ਚਾਹਤ ਮੁੱਖਮੰਤਰੀ ਦਾ ਚਿਹਰਾ ਬਨਣ ਦੀ ਹੈ, ਜਦਕਿ ਆਪ ਪਾਰਟੀ ਦੇ ਰਾਸ਼ਟਰੀ ਇੰਚਾਰਜ ਅਰਵਿੰਦਰ ਕੇਜਰੀਵਾਲ ਨੇ ਕਿਸੇ ਹੋਰ ਸਿੱਖ ਚੇਹਰੇ ਨੂੰ ਚੋਣਾਂ ’ਚ ਮੁੱਖ ਮੰਤਰੀ ਦਾ ਚਿਹਰਾ ਬਨਾਉਣ ਦਾ ਐਲਾਨ ਕੀਤਾ ਹੋਇਆ ਹੈ। ਸ਼ਾਇਦ ਭਗਵੰਤ ਮਾਨ ਸਿੱਖ ਚਿਹਰੇ ਵਜੋਂ ਨਹੀਂ ਢੁੱਕ ਰਿਹਾ।

ਲੋਕਤੰਤਰਿਕ ਪ੍ਰੰਪਰਾਵਾਂ ਤਾਂ ਇਹ ਕਹਿੰਦੀਆਂ ਹਨ ਕਿ ਚੋਣਾਂ ਹੋਣ, ਸਿਆਸੀ ਪਾਰਟੀਆਂ ਆਪੋ-ਆਪਣੇ ਉਮੀਦਵਾਰ ਐਲਾਨਣ, ਆਪਣਾ ਚੋਣ ਮੈਨੀਫੈਸਟੋ, ਚੋਣ ਵਾਅਦੇ ਸਪਸ਼ਟ ਕਰਨ। ਆਪਣੇ ਚੁਣੇ ਹੋਏ ਵਿਧਾਇਕਾਂ ਜਾਂ ਮੈਂਬਰਾਂ ਵਿਚੋਂ ਸਰਬਸੰਮਤੀ ਜਾਂ ਬਹੁ ਸੰਮਤੀ ਨਾਲ ਕਿਸੇ ਨੇਤਾ ਨੂੰ ਆਪਣਾ ਮੁੱਖੀ ਨੀਅਤ ਕਰਨ ਅਤੇ ਜਿਹੜੀ ਧਿਰ ਵੱਧ ਮੈਂਬਰਾਂ ਵਾਲੀ ਹੋਵੇ ਉਸਦਾ ਮੁੱਖੀ ਸੂਬੇ ਦਾ ਮੁੱਖ ਮੰਤਰੀ ਬਣੇ। ਪਰ ਇਹ ਭਾਰਤੀ ਪਰੰਪਰਾਵਾਂ ਲੰਮੇ ਸਮੇਂ ਤੋਂ ਸਿਆਸੀ ਰੰਗ ਮੰਚ ਤੋਂ ਆਲੋਪ ਹੋ ਚੁੱਕੀਆਂ ਹਨ। ਪਾਰਟੀਆਂ ਦੀਆਂ ਹਾਈ ਕਮਾਡਾਂ ਉਪਰੋਂ ਨਿਰਣੇ ਕਰਦੀਆਂ ਹਨ ਅਤੇ ਆਪਦੇ ਭਰੋਸੇਮੰਦ ਵਿਅਕਤੀ ਨੂੰ ਮੁੱਖ ਮੰਤਰੀ ਨੀਅਤ ਕਰਦੀਆਂ ਹਨ ਅਤੇ ਉਹਨਾ ਦੇ ਨਾਮ ਉੱਤੇ ਕੇਂਦਰੀ ਵੱਡੇ ਨੇਤਾ ਰਾਜ ਭਾਗ ਸੰਭਾਲਦੇ ਹਨ। ਬਹੁਤੀਆਂ ਇਲਾਕਾਈ ਵੱਡੀਆਂ ਪਾਰਟੀਆਂ ਨੂੰ ਤਾਂ ਪਰਿਵਾਰ ਚਲਾਉਂਦੇ ਹਨ, ਜਿਹੜੇ ਆਪ ਪਾਰਟੀ ਮੁੱਖ ਮੰਤਰੀ ਬਣਕੇ ਬਾਕੀ ਕੁਨਬੇ ਨੂੰ ਨਾਲ ਤੋਰਦੇ ਹਨ। ਇਹਨਾਂ ਪਾਰਟੀਆਂ ਦੀ ਨਾ ਕੋਈ ਅੰਦਰੂਨੀ ਚੋਣ ਹੁੰਦੀ ਹੈ, ਨਾ ਹੀ ਇਥੇ ਵਿਰੋਧੀ ਅਵਾਜ਼ ਨੂੰ ਸੁਣਿਆ ਜਾਂਦਾ ਹੈ। ਬਸ ਜੋ ਉਪਰਲਾ ਮਾਲਕ ਕਹੇ, ਉਹ ਹੀ ਪ੍ਰਵਾਨ ਹੈ, ਵਾਲੀ ਵਿਰਤੀ ਹੈ।

ਨੇਤਾਗਿਰੀ ਦੀ ਮੁੱਖ ਮੰਤਰੀ ਦੀ ਕੁਰਸੀ ਲਿਫਾਫੇ ਵਿਚੋਂ ਕੱਢਣ ਦੀ ਪਰੰਪਰਾ ਕਾਂਗਰਸ ਨੇ ਸ਼ੁਰੂ ਕੀਤੀ। ਭਾਰਤੀ ਜਨਤਾ ਪਾਰਟੀ ਨੇ ਇਸ ਨੂੰ ਅੱਗੇ ਤੋਰਿਆ। ਪਿਛਲੇ ਕੁਝ ਮਹੀਨਿਆਂ ਵਿਚ ਕਈ ਰਾਜਾਂ ਦੇ ਮੁੱਖ ਮੰਤਰੀ ਬਦਲ ਦਿੱਤੇ ਗਏ ਹਨ। ਇਸ ਤੋਂ ਸਪਸ਼ਟ ਹੈ ਕਿ ਭਾਜਪਾ ਵਿਚ ਵੀ ਰਾਜਾਂ ਦੇ ਮਾਮਲੇ ਵਿੱਚ ਕੇਂਦਰੀ ਹਾਈ ਕਮਾਂਡ ਦੀ ਭੂਮਿਕਾ ਮਹੱਤਵਪੂਰਨ ਹੋ ਗਈ ਹੈ, ਜਿਵੇਂ ਕਿ ਕਾਂਗਰਸ ਵਿਚ ਵੇਖਿਆ ਜਾਂਦਾ ਸੀ। ਕਾਂਗਰਸ ਵਿਚ ਹਾਈ ਕਮਾਂਡ ਦੇ ਇਸ਼ਾਰੇ ਉੱਤੇ ਮੁੱਖ ਮੰਤਰੀ ਰਾਜਾਂ ਵਿਚ ਹਕੂਮਤ ਚਲਾਉਂਦੇ ਸਨ। ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਸਮੇਂ ’ਚ ਇਹੋ ਹੁੰਦਾ ਰਿਹਾ ਸੀ ਅਤੇ ਸੋਨੀਆ ਦੇ ਕਾਂਗਰਸ ਪ੍ਰਧਾਨ ਬਨਣ ਦੇ ਬਾਅਦ ਵੀ ਇਹ ਸਿਲਸਿਲਾ ਜਾਰੀ ਰਿਹਾ। ਹੁਣ ਇਹੋ ਸਾਰਾ ਕੁਝ ਭਾਜਪਾ ਵਿਚ ਦਿਖਾਈ ਦਿੰਦਾ ਹੈ ਫ਼ਰਕ ਇਹ ਹੈ ਕਿ ਕਾਂਗਰਸ ਹੁਣ ਤਿੰਨ ਰਾਜਾਂ ਤੱਕ ਸਿਮਟ ਚੁੱਕੀ ਹੈ ਜਦਕਿ ਭਾਜਪਾ 17 ਰਾਜਾਂ ਵਿਚ ਆਪਣੇ ਦਮ-ਖਮ ਜਾਂ ਸਹਿਯੋਗੀ ਦਲਾਂ (ਐਨ ਡੀ ਏ) ਦੇ ਨਾਲ ਸਰਕਾਰਾਂ ਬਣਾਈ ਬੈਠੀ ਹੈ ਅਤੇ ਮਨਮਰਜ਼ੀ ਦੇ ਨੇਤਾ ਮੁੱਖਮੰਤਰੀ ਬਣਾਈ ਬੈਠੀ ਹੈ।

ਕੁਲ ਮਿਲਾਕੇ ਵੇਖਿਆ ਜਾਵੇ ਤਾਂ ਇਹ ਲਗਦਾ ਹੈ ਕਿ ਭਾਰਤੀ ਰਾਜਨੀਤੀ ਵਿੱਚ ਜੋ ਪਾਰਟੀ ਤਾਕਤਵਰ ਹੁੰਦੀ ਹੈ, ਉਹ ਰਾਜਾਂ ਵਿਚ ਵੀ ਆਪਣਾ ਦਖ਼ਲ ਜਾਰੀ ਰੱਖਦੀ ਹੈ ਅਤੇ ਇਹ ਭਾਰਤੀ ਰਾਜਨੀਤੀ ਦਾ ਸਭਿਆਚਾਰ ਬਣ ਚੁੱਕਾ ਹੈ। ਲੇਕਿਨ ਕਾਂਗਰਸ ਅਤੇ ਭਾਜਪਾ ਵਿੱਚ ਤਾਕਤ ਤਬਦੀਲੀ ਵਿਚ ਅੰਤਰ ਹੈ। ਕਾਂਗਰਸ ਵਿਚ ਜਿਥੇ ਹਾਈ ਕਮਾਨ ਦੀ ਵਫ਼ਾਦਾਰੀ ਦੇ ਆਧਾਰ ਤੇ ਤਬਦੀਲੀ ਹੁੰਦੀ ਹੈ, ਉਥੇ ਭਾਜਪਾ ਵਿਚ ਆਉਣ ਵਾਲੀਆਂ ਚੋਣਾਂ ਦੀਆਂ ਲੋੜਾਂ ਅਤੇ ਅਜੰਡਾ ਲਾਗੂ ਕਰਨ ਲਈ ਤਬਦੀਲੀਆਂ ਬਿਨਾਂ ਵਿਰੋਧ ਹੁੰਦੀਆਂ ਹਨ। ਅਸਾਮ ਵਿਚ ਸਰਬਾਨੰਦ ਸੋਨੇਵਾਲ ਨੂੰ ਹਟਾਕੇ ਬਿਸਵਾ ਸ਼ਰਮਾ ਨੂੰ ਮੁੱਖ ਮੰਤਰੀ ਬਣਾਇਆ ਗਿਆ। ਉਤਰਾਖੰਡ ਵਿਚ ਦੋ-ਤਿੰਨ ਤਬਦੀਲੀਆਂ ਤੋਂ ਬਾਅਦ ਪੁਸ਼ਕਰ ਸਿੰਘ ਧਾਮੀ ਮੁੱਖ ਮੰਤਰੀ ਬਣਾ ਦਿੱਤੇ ਗਏ। ਕਰਨਾਟਕ ਵਿਚ ਯੈਦੀਅਰੱਪਾ ਨੂੰ ਬਾਹਰ ਦਾ ਰਸਤਾ ਦਿਖਾ ਕੇ ਬਸਵਰਾਜ ਬੋਮਈ ਨੂੰ ਕੁਰਸੀ ਸੰਭਾਲ ਦਿੱਤੀ ਗਈ। ਹੁਣੇ ਜਿਹੇ ਗੁਜਰਾਤ ਵਿਚ ਮੁੱਖ ਮੰਤਰੀ ਬਦਲਕੇ ਭੁਮੇਂਦਰ ਪਟੇਲ ਨੂੰ ਮੁੱਖ ਮੰਤਰੀ ਦੀ ਕੁਰਸੀ ਦੇ ਦਿੱਤੀ ਗਈ ਹੈ। ਇਹਨਾਂ ਸਾਰੀਆਂ ਭਾਜਪਾ ਤਬਦੀਲੀਆਂ ਵਿਚ ਕਿਸੇ ਵੀ ਨੇਤਾ ਨੇ ਆਪਣੀ ਕੁਰਸੀ ਛੱਡਣ ਲੱਗਿਆ ਕੋਈ ਵਿਰੋਧ ਨਹੀਂ ਕੀਤਾ ਨਾ ਹੀ ਕੋਈ ਬਗਾਵਤ ਹੋਈ। ਪਰ ਕਾਂਗਰਸ ਵਿੱਚ ਜਿਥੇ ਕਿਧਰੇ ਵੀ ਤਬਦੀਲੀ ਦੀ ਗੱਲ ਹਾਈ ਕਮਾਂਡ ਨੇ ਕੀਤੀ, ਉਥੇ ਬਗਾਵਤ ਵੀ ਹੋਈ ਵਿਰੋਧ ਵੀ।

ਉਦਾਹਰਨ ਪੰਜਾਬ ਦੀ ਹੈ ਜਿਥੇ ਕਾਂਗਰਸ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਗੱਦੀ ਖੋਹ ਲਈ ਅਤੇ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਥਾਪ ਦਿੱਤੇ ਗਏ ਹਨ। ਪੰਜਾਬ ਦੇ ਇਸ ਕਾਟੋ ਕਲੇਸ਼ ਦੀ ਚਰਚਾ ਨਿੱਤ ਮੀਡੀਆਂ ’ਚ ਰਹਿੰਦੀ ਹੈ। ਕਾਰਨ ਭਾਜਪਾ ਵਿਚ ਜੋ ਜਾਬਤਾ ਹੈ, ਉਹ ਕਾਂਗਰਸ ਵਿਚ ਨਹੀਂ ਹੈ। ਅਸਲ ਵਿਚ ਕਾਂਗਰਸ ਦੇ ਸੂਬਾ ਪੱਧਰੀ ਨੇਤਾ ਕਾਂਗਰਸ ਹਾਈ ਕਮਾਂਡ ਨਾਲੋਂ ਵੱਧ ਤਾਕਤਵਰ ਹਨ। ਕੈਪਟਨ ਅਮਰਿੰਦਰ ਸਿੰਘ ਇਸਦੀ ਇੱਕ ਉਦਾਹਰਨ ਹੈ। ਸ਼ਾਇਦ ਆਪਣੀ ਹੈਂਅ ਪੁਗਾਉਣ ਤੇ ਆਪਣਾ ਡੰਡਾ ਕੈਪਟਨ ਉੱਤੇ ਕਾਇਮ ਰੱਖਣ ਲਈ ਹੀ ਪੰਜਾਬ ’ਚ ਇਹ ਖਲਾਰਾ ਹਾਈ ਕਮਾਂਡ ਨੇ ਪਾਇਆ ਹੋਇਆ ਹੈ।

ਸੂਬਿਆਂ ’ਚ ਚੋਣਾਂ ਜਿੱਤਣ ਲਈ ਰਾਸ਼ਟਰੀ ਪਾਰਟੀਆਂ ਦੀ ਮੁੱਖ ਮੰਤਰੀ ਦੇ ਨਾਮ ਉੱਤੇ ਚੋਣ ਲੜਨਾ ਇਕ ਮਜ਼ਬੂਰੀ ਬਣ ਚੁੱਕੀ ਹੈ। ਉਸਦਾ ਵੱਡਾ ਕਾਰਨ ਖੇਤਰੀ ਪਾਰਟੀਆਂ ਦਾ ਸੂਬਿਆਂ ਵਿਚ ਵੱਧ ਰੋਹਬ ਦਾਬ ਹੋਣਾ ਹੈ। ਇਹਨਾਂ ਖੇਤਰੀ ਪਾਰਟੀਆਂ ਉੱਤੇ ਆਮ ਤੌਰ ‘ਤੇ ਪਰਿਵਾਰਾਂ ਦਾ ਕਬਜਾ ਹੈ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਉਤੇ ਬਾਦਲ ਪਰਿਵਾਰ ਕਾਬਜ ਹੈ, ਜਿਹੜਾ ਪੰਜਾਬ ਦੀ ਤਾਕਤ ਹਥਿਆਉਣ ਲਈ ਕਦੇ ਭਾਜਪਾ ਕਦੇ ਬਸਪਾ (ਬਹੁਜਨ ਸਮਾਜ ਪਾਰਟੀ) ਨਾਲ ਸਮਝੌਤਾ ਕਰਦਾ ਹੈ। ਉਸਦਾ ਨਿਸ਼ਾਨਾ ਇਕੋ ਹੈ- ਮੁੱਖ ਮੰਤਰੀ ਦੀ ਕੁਰਸੀ ਪ੍ਰਾਪਤ ਕਰਨਾ। ਉਸ ਅਨੁਸਾਰ ਹੀ ਉਹ ਆਪਣਾ ਅਜੰਡਾ ਤਹਿ ਕਰਦਾ ਹੈ। ਕਦੇ ਵੱਧ ਅਧਿਕਾਰਾਂ ਦੀ ਪ੍ਰਾਪਤੀ ਲਈ ਅਨੰਦਰਪੁਰ ਸਾਹਿਬ ਦਾ ਮਤਾ ਸਾਹਮਣੇ ਲਿਆ ਕੇ ਕਾਂਗਰਸੀ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹਿਆ। ਬਾਵਜੂਦ ਇਸ ਗੱਲ ਦੇ ਕਿ ਭਾਜਪਾ ਉਸਦੇ ਇਸ ਅਜੰਡੇ ਨਾਲ ਸਹਿਮਤ ਨਹੀਂ ਸੀ ਤਦ ਵੀ ਕੁਰਸੀ ਪ੍ਰਾਪਤੀ ਲਈ ਭਾਜਪਾ ਨਾਲ ਸਾਂਝ ਪਾਈ ਉਸ ਨਾਲ ਰਲਕੇ ਰਾਜ ਕੀਤਾ। ਸੂਬਿਆਂ ਲਈ ਵੱਧ ਅਧਿਕਾਰਾਂ ਦੀ ਬਾਤ ਪਾਉਣੀ ਛੱਡ ਦਿੱਤੀ। ਹੁਣ ਜਦੋਂ ਕਿਸਾਨ ਅੰਦੋਲਨ ਸਮੇਂ ਭਾਜਪਾ ਨਾਲ ਸਾਂਝ ਮਹਿੰਗੀ ਪੈਂਦੀ ਦਿਸੀ ਉਹਨਾ ਨਾਲੋਂ ਸਾਂਝ ਤੋੜ ਲਈ ਤੇ ਬਸਪਾ ਨਾਲ ਸਾਂਝ ਪਾ ਲਈ। ਮੰਤਵ ਇਕੋ ਹੈ- ਕੁਰਸੀ ਦੀ ਪ੍ਰਾਪਤੀ। ਅਕਾਲੀ ਦਲ ਵਲੋਂ ਤੇਰਾਂ ਨੁਕਤੀ ਰਿਆਇਤੀ ਅਜੰਡਾ ਵੋਟਾਂ ਵਟੋਰਨ ਲਈ ਛਾਇਆ ਕਰ ਦਿੱਤਾ ਗਿਆ।

ਕਾਂਗਰਸ ਨੂੰ ਜਦੋਂ ਜਾਪਿਆ ਕਿ ਪਿਛਲੇ ਵਰ੍ਹਿਆਂ ’ਚ ਅਮਰਿੰਦਰ ਸਿੰਘ ਨੇ ਚੋਣ ਮੈਨੀਫੈਸਟੋ ਅਨੁਸਾਰ ਕੀਤੇ ਵਾਇਦੇ ਪੂਰੇ ਨਹੀਂ ਕੀਤੇ। ਨਸ਼ੇ ਪੰਜਾਬ ’ਚੋਂ ਖਤਮ ਨਹੀਂ ਹੋਏ। ਬੇਰੁਜ਼ਗਾਰੀ ਨੂੰ ਠੱਲ ਨਹੀਂ ਪਾਈ। ਮਾਫੀਆ ਰਾਜ ਅਤੇ ਕੁਰੱਪਸ਼ਨ ਦਾ ਬੋਲ ਬਾਲਾ ਰਿਹਾ ਤਾਂ ਕੈਪਟਨ ਅਮਰਿੰਦਰ ਸਿੰਘ ਦੀ ਬਾਂਹ ਮਰੋੜਨ ਲਈ ਤੇਜ਼-ਤਰਾਰ ਨਵਜੋਤ ਸਿੰਘ ਸਿੱਧੂ ਨੂੰ ਅੱਗੇ ਲਿਆਂਦਾ ਗਿਆ। ਚਾਹੀਦਾ ਤਾਂ ਇਹ ਸੀ ਕਿ ਪਿਛਲੇ ਚਾਰ ਸਾਲਾਂ ‘ਚ ਹਾਈ ਕਮਾਂਡ ਕੈਪਟਨ ਅਮਰਿੰਦਰ ਸਿੰਘ ਦੇ ਕੰਮਾਂ ਦੀ ਪੁਛ-ਛਾਣ ਕਰਦੀ ਪਰ ਇੰਜ ਨਹੀਂ ਹੋਇਆ। ਆਖ਼ਰੀ ਵਰ੍ਹੇ ਆਪਣੀ ਹਾਰ ਨਿਸ਼ਚਿਤ ਵੇਖਦਿਆਂ ਮੁੱਖ ਮੰਤਰੀ ਦਾ ਚੋਣ ਚਿਹਰਾ ਬਦਲਣ ਦੀ ਕਵਾਇਦ ਉਸਦੀ ਮਜ਼ਬੂਰੀ ਬਣ ਗਈ।

ਆਮ ਆਦਮੀ ਪਾਰਟੀ ਜਿਸ ਤੋਂ ਪੰਜਾਬ ਦੇ ਲੋਕਾਂ ਨੂੰ ਪੰਜਾਬ ‘ਚ ਕੁਝ ਨਵਾਂ ਹੋਣ ਦੀਆਂ ਆਸਾਂ ਸਨ, ਉਹ ਦਿੱਲੀ ਹਾਈ ਕਮਾਂਡ ਦੀਆਂ ਗਲਤੀਆਂ ਕਾਰਨ ਪੂਰੀਆਂ ਨਾ ਹੋ ਸਕੀਆਂ। ਆਮ ਆਦਮੀ ਪਾਰਟੀ ਦੇ ਪੰਜਾਬ ਦੇ ਕੱਦਵਾਰ ਨੇਤਾਵਾਂ ਸੁਖਪਾਲ ਸਿੰਘ ਖਹਿਰਾ, ਸੁੱਚਾ ਸਿੰਘ ਛੋਟੇਪੁਰ, ਕੰਵਰ ਸੰਧੂ, ਐਮਪੀ ਧਰਮਵੀਰ ਗਾਂਧੀ ਪਟਿਆਲਾ ਆਦਿ ਨੂੰ ਜੋ ਪੰਜਾਬ ਹਿਤੈਸ਼ੀ ਅਜੰਡੇ ਨੂੰ ਲਾਗੂ ਕਰਨਾ ਚਾਹੁੰਦੇ ਸਨ ਅਤੇ ਇਥੋਂ ਦੀਆਂ ਸਥਿਤੀਆਂ ਅਨੁਸਾਰ ਪਾਰਟੀ ਦੀ ਸੰਚਾਲਨਾ ਚਾਹੁੰਦੇ ਸਨ, ਦਿੱਲੀ ਹਾਈ ਕਮਾਂਡ ਨੇ ਆਪਣੇ ਤੁਗਲਕੀ ਫ਼ੈਸਲਿਆਂ ਕਾਰਨ ਨਾ ਚੱਲਣ ਦਿੱਤਾ, ਸਗੋਂ ਉਹਨਾ ਦੇ ਮੂੰਹ ਬੰਦ ਕਰ ਦਿੱਤੇ ਗਏ। ਸਿੱਟਾ ਆਪ ਪਾਰਟੀ ਪੰਜਾਬ ‘ਚ ਆਪਣਾ ਅਧਾਰ ਬਨਾਉਣ ‘ਚ ਕਾਮਯਾਬ ਨਾ ਹੋ ਸਕੀ। ਪਾਰਟੀ ਦੇ ਵਲੋਂ ਰਿਵਾਇਤੀ ਪਾਰਟੀਆਂ ਵਾਂਗਰ “ਮੁੱਖ ਮੰਤਰੀ“ ਦੀ ਸਿੱਖ ਚਿਹਰੇ ਦੀ ਤਲਾਸ਼ ਵਿੱਚ ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਉਤੇ ਡੋਰੇ ਸੁਟੇ ਜਾ ਰਹੇ ਹਨ। ਨਜ਼ਰ ਨਵਜੋਤ ਸਿੰਘ ਸਿੱਧੂ ਉਤੇ ਵੀ ਰੱਖੀ ਗਈ। ਡੁਬਈ ਸਥਿਤ ਪੰਜਾਬੀ ਸਿੱਖ ਹੋਟਲ ਕਾਰੋਬਾਰੀ ਡਾ: ਐਸ.ਪੀ.ਸਿੰਘ ਉਬਰਾਏ ਦਾ ਨਾਂ ਵੀ ਮੁੱਖ ਮੰਤਰੀ ਦੇ ਅਹੁਦੇ ਲਈ ਚਰਚਾ ‘ਚ ਆਇਆ।

ਅਸਲ ਵਿੱਚ ਇਲਾਕਾਈ ਪਾਰਟੀਆਂ ਨੇ ਇਹੋ ਜਿਹੇ ਸਥਾਨਕ ਨੇਤਾ ਪੈਦਾ ਕੀਤੇ, ਜਿਹਨਾ ਨੇ ਇਲਾਕਾਈ ਮੰਗਾਂ ਨੂੰ ਅੱਗੇ ਰੱਖਕੇ ਪ੍ਰਸਿੱਧੀ ਪ੍ਰਾਪਤ ਕੀਤੀ, ਕੁਰਸੀ ਹਥਿਆਈ ਅਤੇ ਮੁੜ ਇਹੋ ਜਿਹਾ ਤਾਣਾ-ਬਾਣਾ ਬੁਣਿਆ ਕਿ ਰਾਸ਼ਟਰੀ ਪਾਰਟੀਆਂ ਵੀ ਕਈ ਹਾਲਤਾਂ ਵਿੱਚ ਕੁਰਸੀ ਪ੍ਰਾਪਤੀ ਲਈ ਇਹਨਾ ਪਾਰਟੀਆਂ ਉਤੇ ਨਿਰਭਰ ਹੋ ਗਈਆਂ, ਕਿਉਂਕਿ ਉਹ ਇਕੱਲਿਆ ਬਹੁਮਤ ਪ੍ਰਾਪਤ ਨਾ ਕਰ ਸਕੀਆਂ ਅਤੇ ਗੱਠਜੋੜ ਦੀ ਰਾਜਨੀਤੀ ਕਰਦਿਆਂ ਰਾਸ਼ਟਰੀ ਪਾਰਟੀਆਂ ਨੇ ਇਲਾਕਾਈ ਪਾਰਟੀਆਂ ਦੇ ਨੇਤਾਵਾਂ ਨੂੰ ਮੁੱਖ ਮੰਤਰੀ ਦੀਆਂ ਕੁਰਸੀਆਂ ਸੌਂਪੀ ਰੱਖੀਆਂ। ਇਹੋ ਦੋਵੇਂ ਧਿਰਾਂ ਇੱਕ-ਦੂਜੇ ਦੀ ਮਜ਼ਬੂਰੀ ਬਣੀਆਂ। ਤਾਮਿਲਨਾਡੂ ਦੀ ਡੀ.ਐਮ.ਕੇ., ਅੰਨਾ ਡੀਐਮ.ਕੇ, ਪੰਜਾਬ ਦਾ ਅਕਾਲੀ ਦਲ, ਆਂਧਰਾ ਪ੍ਰਦੇਸ਼ ਦੀ ਤੇਲਗੂ ਦੇਸ਼ਮ, ਅਸਾਮ ਦੀ ਅਸਾਮ ਗਣ ਪ੍ਰੀਸ਼ਦ, ਹਰਿਆਣਾ ਦੀ ਇੰਡੀਆ ਨੈਸ਼ਨਲ ਲੋਕਦਲ, ਜੰਮੂ ਕਸ਼ਮੀਰ ਦੀ ਨੈਸ਼ਨਲ ਕਾਨਫਰੰਸ ਆਦਿ ਇਲਾਕਾਈ ਪਾਰਟੀਆਂ ਨੇ ਆਪੋ-ਆਪਣੇ ਸੂਬਿਆਂ ‘ਚ ਇਹੋ ਜਿਹੇ ਨੇਤਾ ਪੈਦਾ ਕੀਤੇ, ਜਿਹਨਾ ਨੇ ਭਾਵੇਂ ਸਿਆਸਤ ਵਿੱਚ ਆਪਣਾ ਵੱਡਾ ਪ੍ਰਭਾਵ ਛੱਡਿਆ, ਪਰ ਪਰਿਵਾਰਕ ਸਿਆਸਤ ਨੂੰ ਤਰਜ਼ੀਹ ਦਿੱਤੀ। ਪੰਜਾਬ ਦੇ ਅਕਾਲੀ ਦਲ ਦਾ ਬਾਦਲ ਪਰਿਵਾਰ, ਹਰਿਆਣਾ ਦੇ ਦੇਵੀ ਲਾਲ ਦਾ ਪਰਿਵਾਰ, ਜੰਮੂ ਕਸ਼ਮੀਰ ਦਾ ਫ਼ਾਰੂਕ ਅਬਦੁਲਾ ਪਰਿਵਾਰ ਅਤੇ ਬਿਹਾਰ ਸਿਆਸਤ ਦੇ ਨੇਤਾ ਪਾਸਵਾਨ, ਲਾਲੂ ਪ੍ਰਸਾਦ ਯਾਦਵ, ਯੂ.ਪੀ. ਦੇ ਮੁਲਾਇਮ ਸਿੰਘ ਯਾਦਵ ਦੀ ਪਰਿਵਾਰਿਕ ਅਤੇ ਇਲਾਕਾਈ ਰਾਜਨੀਤੀ ਨੇ ਪਰਿਵਾਰਾਂ ਵਿੱਚੋਂ ਹੀ ਮੁੱਖ ਮੰਤਰੀ ਦੇ ਚਿਹਰੇ ਉਭਾਰਨ ਦੀ ਰਾਜਨੀਤੀ ਕੀਤੀ।

ਤਾਕਤ ਹਥਿਆਉਣ ਦੀ ਇਸੇ ਰਾਜਨੀਤੀ ਅਤੇ ਰਣਨੀਤੀ ਨੇ ਸਖਸ਼ੀ ਉਭਾਰ ਨੂੰ ਵੜਾਵਾ ਦਿੱਤਾ। ਵੋਟਾਂ ਦੇ ਅਧਿਕਾਰ ਦੇ ਲੋਕਤੰਤਰ ਦੇ ਮੁੱਖ ਅਧਾਰ ਚੋਣਾਂ ‘ਚ ਨਿਰਪੱਖਤਾ ਨੂੰ ਪ੍ਰਭਾਵਤ ਕੀਤਾ। ਰਾਜਨੀਤੀ ਵਿੱਚ ਅਪਰਾਧੀਆਂ ਦੇ ਦਾਖ਼ਲੇ ਨੂੰ ਖੁਲ੍ਹ ਦਿੱਤੀ। ਇਹੀ ਕਾਰਨ ਹੈ ਕਿ 2004 ਦੇ ਮੁਕਾਬਲੇ 2019 ਤੱਕ ਅਪਰਾਧਿਕ ਪਿੱਠ ਭੂਮੀ ਵਾਲੇ ਲੋਕਾਂ ਦੀ ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਗਿਣਤੀ ਵਧੀ ਹੈ।

ਅਸਲ ਵਿੱਚ ਵਰਗ ਵਿਸ਼ੇਸ਼, ਮੁੱਖ ਸਖ਼ਸ਼ੀਅਤਾਂ, ਵੱਡੇ ਨੇਤਾਵਾਂ ਦੇ ਚਿਹਰਿਆਂ ਨੂੰ ਅੱਗੇ ਲਿਆਕੇ ਚੋਣਾਂ ‘ਚ ਮੁੱਖ ਮੰਤਰੀ ਚਿਹਰਾ ਐਲਾਨ ਕੇ, ਲੋਕਾਂ ਨੂੰ ਭਰਮਾਉਣਾ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਕਰਨ ਦੇ ਤੁੱਲ ਹੈ। ਜਿੱਤੀ ਹੋਈ ਸਿਆਸੀ ਪਾਰਟੀ ਦੇ ਨੁਮਾਇੰਦੇ ਆਪਣਾ ਨੇਤਾ ਚੁਨਣ, ਉਹ ਨੇਤਾ ਮੁੱਖ ਮੰਤਰੀ ਬਣੇ ਅਤੇ ਆਪਣੇ ਚੋਣ ਵਾਇਦਿਆਂ ਨੂੰ ਪੂਰਾ ਕਰਨ ਲਈ ਯਤਨ ਕਰੇ, ਲੋਕਾਂ ਨੂੰ ਜਬਾਵਦੇਹ ਹੋਵੇ, ਇਹੀ ਇਸ ਸਮੇਂ ਲੋਕ ਭਲੇ ਹਿੱਤ ਹੋਵੇਗਾ।

# ਇੰਡੋ ਕੈਨੇਡੀਅਨ ਪੰਜਾਬੀਆਂ ਨੇ ਕੈਨੇਡਾ ਦੀਆਂ ਫੈਡਰਲ ਚੋਣਾ ਵਿੱਚ ਜਿੱਤ ਦੇ ਝੰਡੇ ਗੱਡ ਦਿੱਤੇ



**ਉਜਾਗਰ ਸਿੰਘ**
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072



ਸੰਸਾਰ ਦਾ ਕੋਈ ਅਜਿਹਾ ਦੇਸ਼ ਨਹੀਂ ਹੈ, ਜਿਥੇ ਪੰਜਾਬੀਆਂ ਨੇ ਹਰ ਖੇਤਰ ਵਿੱਚ ਮੱਲਾਂ ਨਾ ਮਾਰੀਆਂ ਹੋਣ। ਕੈਨੇਡਾ, ਅਮਰੀਕਾ, ਨਿਊਜੀਲੈਂਡ, ਇੰਡੋਨੇਸ਼ੀਆ ਅਤੇ ਆਸਟਰੇਲੀਆ ਵਿੱਚ ਤਾਂ ਪੰਜਾਬੀ ਮੋਹਰੀ ਦੀ ਭੂਮਿਕਾ ਨਿਭਾ ਰਹੇ ਹਨ। ਕੈਨੇਡਾ ਦੇ ਕੁਝ ਰਾਜਾਂ ਦੇ ਚੋਣਵੇਂ ਸ਼ਹਿਰਾਂ ਜਿਵੇਂ ਟਰਾਂਟੋ ਬਰੈਪਟਨ, ਸਰੀ, ਕੈਲਗਰੀ ਅਤੇ ਐਡਮਿੰਟਨ ਵਿੱਚ ਤਾਂ ਇਉਂ ਲਗਦਾ ਹੈ, ਜਿਵੇਂ ਇਹ ਪੰਜਾਬ ਹੀ ਹੋਵੇ, ਜਿਥੇ ਬਹੁਤੇ ਪੰਜਾਬੀ ਹੀ ਵਸੇ ਹੋਏ ਹਨ। ਕੈਨੇਡਾ ਵਿੱਚ ਜਿਥੇ ਪੰਜਾਬੀਆਂ ਨੇ ਵਿਓਪਾਰ, ਟਰਾਂਸਪੋਰਟ, ਡਾਕਟਰੀ ਸਿਹਤ, ਇੰਜਿਨੀਅਰਿੰਗ ਅਤੇ ਵਿਗਿਆਨ ਦੇ ਖੇਤਰ ਵਿੱਚ ਤਾਂ ਨਾਮ ਕਮਾਇਆ ਹੀ ਹੈ, ਉਥੇ ਹੀ ਸਿਆਸੀ ਖੇਤਰ ਵਿੱਚ ਵੀ ਆਪਣੀ ਧਾਂਕ ਜਮਾਈ ਹੀ ਨਹੀਂ ਸਗੋਂ ਉਸ ਧਾਂਕ ਨੂੰ ਬਰਕਰਾਰ ਰੱਖਿਆ ਹੋਇਆ ਹੈ। ਕੈਨੇਡਾ ਵਿੱਚ ਲਿਬਰਲ ਪਾਰਟੀ ਦੀ ਜਸਟਿਨ ਟਰੂਡੋ ਸਰਕਾਰ ਵਿੱਚ 4 ਪੰਜਾਬੀ ਮੰਤਰੀ ਸਨ, ਉਨ੍ਹਾਂ ਕੋਲ ਵਿਤ ਅਤੇ ਡੀਫੈਂਸ ਵਰਗੇ ਅਹਿਮ ਵਿਭਾਗ ਸਨ। ਪ੍ਰਵਾਸ ਵਿੱਚ ਜੇਕਰ ਕਿਸੇ ਵਿਅਕਤੀ ਦੀ ਯੋਗਤਾ ਹੁੰਦੀ ਹੈ ਤਾਂ ਹੀ ਉਨ੍ਹਾਂ ਨੂੰ ਮਹੱਤਵਪੂਰਨ ਵਿਭਾਗਾਂ ਦੇ ਕਾਰਜਭਾਗ ਦਿੱਤੇ ਜਾਂਦੇ ਹਨ। ਪੰਜਾਬੀ ਭਾਵੇਂ ਕਿਸੇ ਵੀ ਦੇਸ਼ ਵਿੱਚ ਰਹਿੰਦੇ ਹਨ ਪ੍ਰੰਤੂ ਉਸ ਦੇਸ਼ ਦੀ ਨਾਗਰਿਕਤਾ ਪ੍ਰਾਪਤ ਕਰਕੇ ਉਥੋਂ ਦੇ ਕਾਨੂੰਨਾ ‘ਤੇ ਪਹਿਰਾ ਦਿੰਦੇ ਹੋਏ ਆਪਣੀ ਦੇਸ਼ ਭਗਤੀ ਦੀ ਬਚਨਵੱਧਤਾ ਕਰਕੇ ਉਥੋਂ ਦੇ ਲੋਕਾਂ ਅਤੇ ਸਰਕਾਰਾਂ ਦਾ ਵਿਸ਼ਵਾਸ਼ ਜਿੱਤ ਲੈਂਦੇ ਹਨ। ਕੈਨੇਡਾ ਵਿੱਚ ਤਾਂ ਪੰਜਾਬੀਆਂ ਨੇ ਰਾਜ ਭਾਗ ਦਾ ਆਨੰਦ ਮਾਣਦਿਆਂ ਪੰਜਾਬੀਆਂ ਦਾ ਨਾਮ ਸੰਸਾਰ ਵਿੱਚ ਚਮਕਾਇਆ ਹੈ। ਕੈਨੇਡੀਅਨ ਪੰਜਾਬੀਆਂ ਨੇ ਇਕ ਵਾਰ ਫਿਰ ਕੈਨੇਡਾ ਦੀਆਂ ਫ਼ੈਡਰਲ ਚੋਣਾ ਵਿੱਚ ਆਪਣੀ ਜਿੱਤ ਦੇ ਝੰਡੇ ਗੱਡ ਦਿੱਤੇ ਹਨ। ਕੈਨੇਡਾ ਵਿੱਚ 20 ਸਤੰਬਰ 2021 ਨੂੰ ਹੋਈਆਂ ਫ਼ੈਡਰਲ ਚੋਣਾ ਵਿੱਚ ਜਸਟਿਨ ਟਰੂਡੋ ਦੀ ਅਗਵਾਈ ਵਿੱਚ ਲਿਬਰਲ ਪਾਰਟੀ ਦੀ ਦੂਜੀ ਵਾਰ ਘੱਟ ਗਿਣਤੀ ਸਰਕਾਰ ਫਿਰ ਬਣਨ ਜਾ ਰਹੀ ਹੈ। ਜਸਟਿਨ ਟਰੂਡੋ ਨੇ ਨਿਸਚਤ 4 ਸਾਲ ਦੇ ਸਮੇਂ ਤੋਂ ਦੋ ਸਾਲ ਪਹਿਲਾਂ ਚੋਣ ਹਾਊਸ ਆਫ ਕਾਮਨ ਵਿੱਚ ਪੂਰਨ ਬਹੁਮਤ ਪ੍ਰਾਪਤ ਕਰਨ ਦੇ ਇਰਾਦੇ ਨਾਲ ਕਰਵਾਈ ਸੀ ਪ੍ਰੰਤੂ ਫਿਰ ਵੀ ਉਹ ਪੂਰਨ ਬਹੁਮਤ ਲੈਣ ਵਿੱਚ ਅਸਫਲ ਰਹੇ ਹਨ। ਜਸਟਿਨ ਟਰੂਡੋ ਦੀ ਪਿਛਲੀ ਸਰਕਾਰ ਵੀ ਘੱਟ ਗਿਣਤੀ ਦੀ ਹੀ ਸੀ, ਜਿਸਨੂੰ ਜਗਮੀਤ ਸਿੰਘ ਧਾਲੀਵਾਲ ਦੀ ਐਨ ਡੀ ਪੀ ਦੀ ਸਪੋਰਟ ਮਿਲੀ ਹੋਈ ਸੀ। ਕਿਸੇ ਵੀ ਘੱਟ ਗਿਣਤੀ ਸਰਕਾਰ ਦੀਆਂ ਆਪਣੀਆਂ ਮਜ਼ਬੂਰੀਆਂ ਹੁੰਦੀਆਂ ਹਨ ਕਿਉਂਕਿ ਉਹ ਆਪਣੀਆਂ ਨੀਤੀਆਂ ਸੁਚੱਜੇ ਢੰਗ ਨਾਲ ਲਾਗੂ ਨਹੀਂ ਕਰ ਸਕਦੀਆਂ। ਕੈਨੇਡਾ ਦੀ ਸੰਸਦ ਦੀਆਂ ਕੁਲ 338 ਸੀਟਾਂ ਲਈ ਚੋਣਾ ਹੋਈਆਂ ਸਨ। ਇਨ੍ਹਾਂ ਚੋਣਾ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਨੂੰ 158 ਸੀਟਾਂ ਮਿਲੀਆਂ ਹਨ, ਜਦੋਂ ਕਿ ਪਿਛਲੀਆਂ ਚੋਣਾ ਵਿੱਚ 157 ਸੀਟਾਂ ਜਿੱਤੀਆਂ ਸਨ। ਇਸ ਵਾਰ ਸਿਰਫ ਇਕ ਸੀਟ ਦਾ ਵਾਧਾ ਕਰ ਸਕੇ ਹਨ। ਜਸਟਿਨ ਟਰੂਡੋ ਦਾ ਬਹੁਮੱਤ ਨਾਲ ਜਿੱਤਕੇ ਸਰਕਾਰ ਬਣਾਉਣ ਦਾ ਸਪਨਾ ਕੈਨੇਡਾ ਦੇ ਵੋਟਰਾਂ ਨੇ ਚਕਨਾਚੂਰ ਕਰ ਦਿੱਤਾ। ਬਹੁਮਤ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ 170 ਸੀਟਾਂ ਦੀ ਜ਼ਰੂਰਤ ਸੀ, ਪ੍ਰੰਤੂ ਉਨ੍ਹਾਂ ਨੂੰ ਬਹੁਮਤ ਤੋਂ 12 ਸੀਟਾਂ ਘੱਟ ਮਿਲੀਆਂ ਹਨ। ਦੂਜੇ ਨੰਬਰ ਤੇ ਆਉਣ ਵਾਲੀ ਕੰਜ਼ਰਵੇਟਿਵ ਪਾਰਟੀ ਨੂੰ 119 ਸੀਟਾਂ ਮਿਲੀਆਂ ਹਨ, ਜਦੋਂ ਕਿ ਉਨ੍ਹਾਂ ਨੂੰ ਪਿਛਲੀ ਸੰਸਦ ਵਿੱਚ 121 ਸੀਟਾਂ ‘ਤੇ ਜਿੱਤ ਪ੍ਰਾਪਤ ਹੋਈ ਸੀ, ਉਨ੍ਹਾਂ ਨੂੰ ਦੋ ਵੀ ਸੀਟਾਂ ਦਾ ਘਾਟਾ ਪਿਆ ਹੈ। ਭਾਵੇਂ ਜਸਟਿਨ ਟਰੂਡੋ ਘੱਟ ਗਿਣਤੀ ਦੀ ਸਰਕਾਰ ਬਣਾਉਣ ਵਿੱਚ ਸਫਲ ਹੋ ਜਾਣਗੇ ਪ੍ਰੰਤੂ ਉਨ੍ਹਾਂ ਨੂੰ ਕਿਸੇ ਹੋਰ ਪਾਰਟੀ ਦੀ ਫਹੁੜੀ ਦੇ ਸਹਾਰੇ ਦੀ ਲੋੜ ਪਵੇਗੀ। ਉਮੀਦ ਹੈ ਜਿਵੇਂ ਪਿਛਲੀ ਵਾਰ ਜਗਮੀਤ ਸਿੰਘ ਧਾਲੀਵਾਲ ਦੀ ਐਨ ਡੀ ਪੀ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਰਕਾਰ ਨੂੰ ਬਾਹਰੋ ਸਪੋਰਟ ਦਿੱਤੀ ਸੀ, ਕਿਆਸ ਅਰਾਈਆਂ ਹਨ ਕਿ ਇਸ ਵਾਰ ਵੀ ਉਹੀ ਸਪੋਰਟ ਕਰਨਗੇ। ਬਲੌਕ ਕਿਊਬਕ ਪਾਰਟੀ ਨੂੰ 34 ਸੀਟਾਂ ਮਿਲੀਆਂ ਹਨ, ਉਹ ਇਸ ਵਾਰ ਦੋ ਸੀਟਾਂ ਵਧਾਉਣ ਵਿੱਚ ਸਫਲ ਹੋ ਗਏ ਹਨ। ਜਗਮੀਤ ਸਿੰਘ ਧਾਲੀਵਾਲ ਦੀ ਅਗਵਾਈ ਵਾਲੀ ਐਨ ਡੀ ਪੀ ਨੂੰ 25 ਸੀਟਾਂ ਮਿਲੀਆਂ ਹਨ, ਉਹ ਪਿਛਲੀ ਵਾਰੀ ਦੀਆਂ 24 ਸੀਟਾਂ ਨਾਲੋਂ ਇਕ ਸੀਟ ਵਧਾਉਣ ਵਿੱਚ ਸਫਲ ਹੋਏ ਹਨ। ਗਰੀਨ ਪਾਰਟੀ ਨੂੰ ਸਿਰਫ 2 ਸੀਟਾਂ ਮਿਲੀਆਂ ਹਨ, ਜਦੋਂ ਕਿ ਉਨ੍ਹਾਂ ਦੀ ਪਾਰਟੀ ਦੇ ਮੁੱਖੀ ਐਨਮੀ ਪਾਲ ਆਪਣੀ ਸੀਟ ਤੋਂ ਚੋਣ ਹਾਰ ਗਏ ਹਨ। ਪਿਛਲੀ ਸੰਸਦ ਵਿੱਚ ਵੀ ਉਨ੍ਹਾਂ ਨੇ ਦੋ ਸੀਟਾਂ ਹੀ ਜਿੱਤੀਆਂ ਸਨ। ਪੀਪਲਜ਼ ਪਾਰਟੀ ਆਫ਼ ਕੈਨੇਡਾ ਨੂੰ ਵੀ ਕੋਈ ਸੀਟ ਨਹੀਂ ਮਿਲੀ ਅਤੇ ਉਨ੍ਹਾਂ ਦੀ ਪਾਰਟੀ ਦੇ ਮੁਖੀ ਮੈਕਸਿਮ ਬਰਨੀਅਰ ਵੀ ਚੋਣ ਹਾਰ ਗਏ ਹਨ। ਇਸ ਵਾਰ 40 ਦੇ ਲਗਪਗ ਇੰਡੋ ਕੈਨੇਡੀਅਨ ਭਾਰਤੀਆਂ/ਪੰਜਾਬੀਆਂ ਨੇ ਚੋਣਾਂ ਲੜੀਆਂ ਸਨ। ਬਹੁਤੀਆਂ ਸੀਟਾਂ ‘ਤੇ ਲਿਬਰਲ, ਕੰਜ਼ਰਵੇਟਿਵ ਅਤੇ ਐਨ ਡੀ ਪੀ ਪਾਰਟੀਆਂ ਦੇ ਇੰਡੋ ਕੈਨੇਡੀਅਨ ਪੰਜਾਬੀ ਉਮੀਦਵਾਰਾਂ ਵਿੱਚ ਹੀ ਮੁਕਾਬਲਾ ਸੀ। ਇਨ੍ਹਾਂ 40 ਵਿੱਚੋਂ ਇੰਡੋ ਕੈਨੇਡੀਅਨ ਸਾਂਝੇ ਭਾਰਤੀ ਮੂਲ ਦੇ 23 ਉਮੀਦਵਾਰ ਚੋਣਾ ਜਿੱਤ ਗਏ ਹਨ, ਜਿਨ੍ਹਾਂ ਵਿੱਚੋਂ ਵਰਤਮਾਨ ਪੰਜਾਬ ਦੇ 16 ਭਾਰਤੀ ਪੰਜਾਬੀ ਮੂਲ ਦੇ ਹਨ। ਇਨ੍ਹਾਂ ਤੋਂ ਇਲਾਵਾ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਵਾਲੇ ਭਾਰਤੀ ਮੂਲ ਦੇ 7 ਉਮੀਦਵਾਰ ਚੋਣ ਜਿੱਤੇ ਹਨ। ਇਸ ਵਾਰ ਪਿਛਲੀਆਂ ਫੈਡਰਲ ਚੋਣਾ ਵਿੱਚ 18 ਵਰਤਮਾਨ ਭਾਰਤੀ ਮੂਲ ਦੇ ਉਮੀਦਵਾਰ ਚੋਣ ਜਿੱਤੇ ਸਨ। ਇਨ੍ਹਾਂ ਵਿੱਚੋਂ 16 ਇੰਡੋ ਕੈਨੇਡੀਅਨ ਪੰਜਾਬੀ ਹਨ। ਬੀ ਸੀ ਵਿੱਚੋਂ ਸਰੀ ਨਿਊਟਨ ਤੋਂ ਕੰਜ਼ਰਵੇਟਿਵ ਪਾਰਟੀ ਦੇ ਸੁੱਖ ਧਾਲੀਵਾਲ, ਲਿਬਰਲ ਪਾਰਟੀ ਦੇ ਸਰੀ ਸੈਂਟਰ ਤੋਂ ਰਣਦੀਪ ਸਰਾਏ, ਲਿਬਰਲ ਪਾਰਟੀ ਦੇ ਹੀ ਵੈਨਕੂਵਰ ਸਾਊਥ ਤੋਂ ਹਰਜੀਤ ਸਿੰਘ ਸੱਜਣ ਸਾਬਕਾ ਡੀਫ਼ੈਂਸ ਮੰਤਰੀ, ਬਰਨਬੀ ਸਾਊਥ ਤੋਂ ਐਨ ਡੀ ਪੀ ਦੇ ਮੁੱਖੀ ਜਗਮੀਤ ਸਿੰਘ ਧਾਲੀਵਾਲ ਅਤੇ ਰਿਚਮੰਡ ਈਸਟ ਤੋਂ ਪਰਮ ਬੈਂਸ ਪਹਿਲੀ ਵਾਰ ਚੋਣ ਜਿੱਤਕੇ ਐਮ ਪੀ ਬਣੇ ਹਨ। ਅਲਬਰਟਾ ਵਿੱਚ ਕੈਲਗਰੀ ਫਾਰੈਸਟ ਲਾਅਨ ਤੋਂ ਕੰਜ਼ਰਵੇਟਿਵ ਪਾਰਟੀ ਦੇ ਜਸਰਾਜ ਹੱਲਣ, ਐਡਮਿੰਟਨ ਮਿਲਵੁਡਜ਼ ਤੋਂ ਕੰਜ਼ਰਵੇਟਿਵ ਪਾਰਟੀ ਦੇ ਹੀ ਟਿਮ ਉਪਲ ਅਤੇ ਕੈਲਗਰੀ ਸਕਾਈਵਿਊ ਤੋਂ ਲਿਬਰਲ ਪਾਰਟੀ ਦੇ ਜਾਰਜ ਚਾਹਲ ਪਹਿਲੀ ਵਾਰ ਚੋਣ ਜਿੱਤੇ ਹਨ। ਓਨਟਾਰੀਓ ਵਿੱਚ ਬਰੈਪਟਨ ਈਸਟ ਤੋਂ ਮਨਿੰਦਰ ਸਿੱਧੂ, ਬਰੈਪਟਨ ਨਾਰਥ ਤੋਂ ਰੂਬੀ ਸਹੋਤਾ, ਬਰੈਪਟਨ ਸਾਊਥ ਤੋਂ ਸੋਨੀਆ ਸਿੱਧੂ, ਬਰੈਪਟਨ ਵੈਸਟ ਤੋਂ ਕਮਲ ਖਹਿਰਾ, ਮਿਸੀਗਾਸਾ ਤੋਂ ਇਕਵਿੰਦਰ ਗਹੀਰ, ਓਕਵਿਲ ਤੋਂ ਅਨੀਤਾ ਆਨੰਦ, ਵਾਟਰਲੂ ਤੋਂ ਬਰਦੀਸ਼ ਚੱਗੜ ਅਤੇ ਅੰਜੂ ਢਿਲੋਂ ਚੋਣ ਜਿੱਤੇ ਹਨ। ਇਹ ਸਾਰੇ ਲਿਬਰਲ ਪਾਰਟੀ ਦੇ ਹਨ। ਇਕਵਿੰਦਰ ਗਹੀਰ ਸੰਸਦ ਵਿੱਚ ਸਭ ਤੋਂ ਛੋਟੀ ਉਮਰ ਦੇ ਮੈਂਬਰ ਹੋਣਗੇ। ਉਹ ਦੂਜੀ ਵਾਰ ਚੋਣ ਜਿੱਤੇ ਹਨ। ਇਨ੍ਹਾਂ 16 ਵਿੱਚੋਂ 6 ਇਸਤਰੀਆਂ ਕਮਲ ਖਹਿਰਾ, ਰੂਬੀ ਸਹੋਤਾ, ਸੋਨੀਆਂ ਸਿੱਧੂ, ਬਰਦਿਸ਼ ਚੱਘੜ, ਅੰਜੂ ਢਿਲੋਂ ਅਤੇ ਅਨੀਤਾ ਆਨੰਦ ਹਨ। 6 ਦਸਤਾਰਧਾਰੀ ਸਿੱਖ ਚੋਣ ਜਿੱਤੇ ਹਨ, ਜਿਨ੍ਹਾਂ ਵਿਚੋਂ 2 ਅੰਮ੍ਰਿਤਧਾਰੀ ਅਤੇ 4 ਸਹਿਜਧਾਰੀ ਹਨ। ਟਿਮ ਉਪਲ ਪੰਜਾਬ ਦੇ ਜਲੰਧਰ ਤੋਂ ਕਾਂਗਰਸ ਪਾਰਟੀ ਦੇ ਵਿਧਾਨਕਾਰ ਪ੍ਰਗਟ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਹਨ। ਸਾਂਝੇ ਭਾਰਤੀ ਮੂਲ ਦੇ 7 ਜਿੱਤੇ ਉਮਦਵਾਰਾਂ ਵਿੱਚ ਸ਼ੌਕਤ ਅਲੀ, ਆਰੀਆ ਚੰਦਰਾ, ਸੁਮੀਰ ਜ਼ੁਬੇਰੀ, ਯਾਮੀਰ ਨਕਵੀ, ਉਮਾਰ ਅਲਗਬਰਾ, ਮਜ਼ੀਦ ਜਵਾਹਰੀ ਅਤੇ ਅਨੀਤਾ ਆਨੰਦ ਹਨ। ਭਾਰਤੀ ਮੂਲ ਦੇ ਉਮੀਦਵਾਰਾਂ ਨੂੰ ਇਕੱਲੇ ਸਿੱਖ ਪੰਜਾਬੀ ਵੋਟਰਾਂ ਨੇ ਹੀ ਵੋਟਾਂ ਨਹੀਂ ਪਾਈਆਂ ਸਗੋਂ ਪੰਜਾਬੀ ਬਾਕੀ ਸਮੁਦਾਇ ਵਿੱਚ ਵੀ ਹਰਮਨ ਪਿਆਰੇ ਹਨ। ਭਾਰਤ ਵਿੱਚ 542 ਮੈਂਬਰੀ ਸੰਸਦ ਵਿੱਚੋਂ ਪੰਜਾਬ ਦੇ ਸਿਰਫ 13 ਲੋਕ ਸਭਾ ਮੈਂਬਰ ਹਨ, ਇਸਦੇ ਮੁਕਾਬਲੇ ਕੈਨੇਡਾ ਵਿਚ 16 ਐਮ ਪੀ ਹਨ। ਪਰਮ ਬੈਂਸ ਅਤੇ ਜੌਰਜ ਚਾਹਲ ਦੋਵੇਂ ਪਹਿਲੀ ਵਾਰ ਚੋਣ ਜਿੱਤੇ ਹਨ। ਭਾਰਤ ਦੀ ਕੇਂਦਰੀ ਸਰਕਾਰ ਵਿੱਚ ਹਰਦੀਪ ਸਿੰਘ ਪੁਰੀ ਸਿਰਫ ਇਕ ਰਾਜ ਮੰਤਰੀ ਹਨ, ਜਦੋਂ ਕਿ ਜਸਟਿਨ ਟਰੂਡੋ ਦੀ ਸਰਕਾਰ ਵਿੱਚ ਪਹਿਲਾਂ 5 ਅਤੇ ਫਿਰ 4 ਕੈਬਨਿਟ ਮੰਤਰੀ ਅਤੇ ਤਿੰਨ ਸੰਸਦੀ ਸਕੱਤਰ ਸਨ। ਤਾਲਿਬਾਨ ਨੂੰ ਭਰਾ ਕਹਿਣ ਵਾਲੀ ਮਰੀਅਮ ਮੁਨਸਫ ਚੋਣ ਹਾਰ ਗਈ ਹੈ। ਜਿਸ ਪ੍ਰਕਾਰ ਜਗਮੀਤ ਸਿੰਘ ਧਾਲੀਵਾਲ ਦੀ ਹਰਮਨ ਪਿਆਰਤਾ ਵੱਧ ਰਹੀ ਹੈ, ਉਸ ਤੋਂ ਇੰਜ ਲਗਦਾ ਹੈ ਕਿ ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬੀ ਸਿੱਖ ਕੈਨੇਡਾ ਦੀ ਸਰਕਾਰ ਦੇ ਮੁੱਖੀ ਹੋਣਗੇ। ਇਸ ਸਮੇਂ ਵੀ ਕੈਨੇਡਾ ਵਿੱਚ ਬਾਕੀ ਸਮੁਦਾਇ ਨਾਲੋਂ ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ ਵੀ ਫ਼ੈਡਰਲ ਸਰਕਾਰ ਵਿਚ ਸਭ ਤੋਂ ਵੱਧ ਮੰਤਰੀ ਹੁੰਦੇ ਹਨ। ਉਮੀਦ ਕੀਤੀ ਜਾਂਦੀ ਹੈ ਕਿ ਭਾਰਤੀ ਮੂਲ ਦੇ ਪੰਜਾਬੀ ਕੈਨੇਡਾ ਵਿੱਚ ਹੋਰ ਮੱਲਾਂ ਮਾਰਨਗੇ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Gagandeep Jattana
639 742 0203
639 999 1000
Email-gaganjattana0203@gmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਸਤੰਬਰ ਮਹੀਨੇ ਦੀ ਇਕੱਤਰਤਾ ਪੰਜਾਬੀ ਅਖ਼ਬਾਰ ਵਿੱਚ ਛਪੇ ਜਗਦੇਵ ਸਿੰਘ ਸਿੱਧੂ ਹੋਰਾਂ ਦੇ ਬਹੁ-ਮੁੱਲੇ ਲੇਖ 'ਕੀ ਪੰਜਾਬੀ ਬੋਲੀ ਅਲੋਪ ਹੋ ਜਾਵੇਗੀ' ਬਾਰੇ ਵਿਚਾਰਾਂ ਕੀਤੀਆਂ ਗਈਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਜ਼ੂਮ ਰਾਹੀਂ ਕੀਤੀ ਗਈ । ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਬਾਰੇ ਜਾਣਕਾਰੀ ਦਿੱਤੀ। ਸਾਰਾਗੜ੍ਹੀ ਦੀ ਲੜਾਈ ਬਾਰੇ ਚਰਚਾ ਕਰਦਿਆਂ ਸ. ਸੁਰਿੰਦਰ ਢਿੱਲੋਂ ਨੇ ਦੱਸਿਆ ਕਿ ਕਿਸ ਤਰ੍ਹਾਂ 21 ਯੋਧਿਆਂ ਨੇ ਹਜ਼ਾਰਾਂ ਪਠਾਣਾਂ ਦਾ ਸਾਹਮਣਾ ਕੀਤਾ । ਸੁਰਿੰਦਰ ਗੀਤ ਦੀ ਨਵੀਂ ਪੁਸਤਕ 'ਖੇਤਾਂ ਦਾ ਸਫ਼ਰ' ਬਾਰੇ ਵੀ ਵਿਚਾਰ ਵਿਟਾਦਰਾ ਕੀਤਾ ਗਿਆ । ਇਹ ਪੁਸਤਕ ਮੌਜੂਦਾ ਚੱਲ ਰਹੇ ਕਿਸਾਨ ਸੰਘਰਸ਼ ਨੂੰ ਸਮਰਪਿਤ ਹੈ ਅਤੇ ਇਸ ਵਿੱਚਲੀਆਂ ਸਾਰੀਆਂ ਕਵਿਤਾਵਾਂ ਕਿਸਾਨ ਸੰਘਰਸ਼ ਬਾਰੇ ਹਨ । ਦਿੱਲੀ ਦੀਆਂ ਬਰੂਹਾਂ ਤੇ ਬੈਠ ਆਪਣੀਆਂ ਫ਼ਸਲਾਂ ਅਤੇ ਨਸਲਾਂ ਦੀ ਲੜਾਈ ਲੜ ਰਹੇ ਕਿਸਾਨਾਂ ਦੇ ਸੰਯੁਕਤ ਮੋਰਚੇ ਦੇ ਮੰਚ ਤੇ ਲੋਕ ਅਰਪਣ ਕੀਤੀ ਗਈ । ਸ. ਜਗਦੇਵ ਸਿੰਘ ਸਿੱਧੂ ਹੋਰਾਂ ਨੇ ਇਸ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਸੁਰਿੰਦਰ ਗੀਤ ਨੇ ਬੜੀ ਹੀ ਬੇਬਾਕੀ ਨਾਲ ਕਵਿਤਾ ਰਾਹੀਂ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਉਠਾਈ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਇਹ ਕਵਿਤਾਵਾਂ ਕਿਸਾਨੀ ਸੰਘਰਸ਼ ਨੂੰ ਨਵਾਂ ਜਜ਼ਬਾ ਪ੍ਰਦਾਨ ਕਰਦੀਆਂ ਹਨ। ਪਿਛਲੇ ਦਿਨੀਂ ਪੰਜਾਬੀ ਅਖ਼ਬਾਰ ਵਿੱਚ ਛਪੇ ਜਗਦੇਵ ਸਿੰਘ ਸਿੱਧੂ ਹੋਰਾਂ ਦੇ ਬਹੁ-ਮੁੱਲੇ ਲੇਖ 'ਕੀ ਪੰਜਾਬੀ ਬੋਲੀ ਅਲੋਪ ਹੋ ਜਾਵੇਗੀ' ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ । ਇਸ ਲੇਖ ਵਿੱਚ ਕਿਹੜੇ ਕਾਰਨਾਂ ਕਰਕੇ ਕੋਈ ਬੋਲੀ ਅਲੋਪ ਹੁੰਦੀ ਹੈ ਅਤੇ ਅੱਜਕਲ੍ਹ ਪੰਜਾਬੀ ਨੂੰ ਕਿਹੜੀਆਂ ਕਿਹੜੀਆਂ ਚਣੌਤੀਆਂ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਵਿਸਥਾਰ ਪੂਰਬਕ ਵਰਨਣ ਕੀਤਾ ਗਿਆ ਹੈ। ਸੁਰਿੰਦਰ ਗੀਤ ਨੇ ਕਿਹਾ ਕਿ ਇਸ ਲੇਖ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ ਤਾਂ ਜੋ ਪੰਜਾਬੀ ਬੋਲੀ ਨੂੰ ਸਾਂਭਣ ਲਈ ਕੁਝ ਸੁਚੱਜੇ ਯਤਨਾਂ ਦਾ ਉਪਰਾਲਾ ਹੋ ਸਕੇ । ਸ. ਅਜਾਇਬ ਸਿੰਘ ਸਿੰਘ ਸੇਖੋਂ ਨੇ ਆਪਣਾ ਲੇਖ 'ਬੱਲੇ ਬੰਦਿਆ' ਪੜ੍ਹਿਆ । ਸ. ਜਸਵੀਰ ਸਿੰਘ ਸਿਹੋਤਾ ਨੇ ਸੁਰਿੰਦਰ ਕੌਰ ਛਾਬੜਾ ਦੀ ਸਾਖੀਆਂ ਬਾਰੇ ਲਿਖੀ ਪੁਸਤਕ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਡੇ ਸਮਾਜ ਤੇ ਸਭਿਆਚਾਰ ਵਿੱਚ ਸਾਖੀਆਂ ਦਾ ਬਹੁਤ ਮਹੱਤਵ ਹੈ। ਡਾ. ਰਾਜਵੰਤ ਕੌਰ ਮਾਨ ਨੇ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਦੇ ਇਤਿਹਾਸ ਨੂੰ ਦਰਸਾਉਂਦੀ ਕਵਿਤਾ ਸੁਣਾਈ ।


HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP
PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ਼ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Free Estimate
BEST Rates
Stucco | Paper | Flashing | Wiring
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB

For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ

# ਪੰਜਾਬੀ ਸਿਨਮੇ ਦੀ ਕਿਸਮਤ ਚਮਕਾਅ ਰਹੀ 'ਕਿਸਮਤ 2'




ਸੁਰਜੀਤ ਜੱਸਲ
9814607737



ਬੀਤੇ ਦਿਨੀਂ ਰਿਲੀਜ਼ ਹੋਈ ਐਮੀ ਵਿਰਕ ਤੇ ਸਰਗੁਣ ਮਹਿਤਾ ਜੋੜੀ ਵਾਲੀ ਫ਼ਿਲਮ 'ਕਿਸਮਤ 2' ਨੇ ਨਿਰਮਾਤਾ ਨਿਰਦੇਸ਼ਕਾਂ ਸਮੇਤ ਪੂਰੀ ਪੰਜਾਬੀ ਫ਼ਿਲਮ ਇੰਡਸਟਰੀ ਦੀ ਕਿਸਮਤ ਚਮਕਾਅ ਦਿੱਤੀ ਹੈ। ਚਿਰਾ ਤੋਂ ਉਡੀਕੀ ਜਾ ਰਹੀ ਇਸ ਫ਼ਿਲਮ ਨੂੰ ਦਰਸਕਾਂ ਦਾ ਪਹਿਲੇ ਦਿਨ ਤੋਂ ਹੀ ਭਰਵਾਂ ਹੁੰਗਾਰਾਂ ਮਿਲ ਰਿਹਾ ਹੈ ।

2018 'ਚ ਰਿਲੀਜ਼ ਹੋਈ ਐਮੀ ਵਿਰਕ ਤੇ ਸਰਗੁਣ ਮਹਿਤਾ ਦੀ ਜੋੜੀ ਵਾਲੀ ਫ਼ਿਲਮ 'ਕਿਸਮਤ' ਨੇ ਵਿਆਹ ਕਲਚਰ ਤੇ ਕਾਮੇਡੀ ਸਿਨਮੇ ਤੋਂ ਅੱਕੇ ਦਰਸ਼ਕਾਂ ਨੂੰ ਰੁਮਾਂਟਿਕਤਾ ਭਰੇ ਸੰਗੀਤਕ ਸਿਨਮੇ ਨਾਲ ਜੋੜਿਆ ਸੀ। ਪਿਆਰ ਤੇ ਗੀਤ ਸੰਗੀਤ ਦਾ ਸੁਮੇਲ 'ਕਿਸਮਤ' ਫ਼ਿਲਮ ਨੂੰ ਮਿਲੀ ਰਿਕਾਰਡ ਤੋੜ ਸਫ਼ਲਤਾ ਤੋਂ ਬਾਅਦ ਦਰਸ਼ਕਾਂ ਦੀਆਂ ਨਜ਼ਰਾਂ 'ਕਿਸਮਤ 2' 'ਤੇ ਟਿਕ ਗਈਆ ਤਾਂ ਜੋ ਸ਼ਿਵੇ ਤੇ ਬਾਣੀ ਦੇ ਅਧੂਰੇ ਪਿਆਰ ਨੂੰ ਪੂਰਾ ਹੁੰਦਾ ਵੇਖ ਸਕਣ। ਦਰਸ਼ਕਾਂ ਦੀ ਉਡੀਕ ਨੂੰ ਖਤਮ ਕਰਦਿਆਂ 'ਸ਼੍ਰੀ ਨਰੋਤਮ ਜੀ ਸਟੂਡੀਓਜ਼ ਵਲੋਂ ਬੀਤੇ ਦਿਨੀਂ 'ਕਿਸਮਤ 2' ਰਿਲੀਜ਼ ਕੀਤੀ ਗ ਈ ਹੈ। ਲੇਖਕ-ਨਿਰਦੇਸ਼ਕ ਜਗਦੀਪ ਸਿੱਧੂ ਦੀ ਇ ਹ ਫ਼ਿਲਮ ਦਰਸ਼ਕਾਂ ਨੂੰ ਪਹਿਲੀ ਕਹਾਣੀ ਦੇ ਨਾਲ ਨਾਲ ਇੱਕ ਨਵੀਂ ਲਵ ਸਟੋਰੀ ਲੈ ਕੇ ਤੁਰਦੀ ਹੈ,ਜਿਸ ਵਿੱਚ ਕਈ ਦਿਲਚਸਪ ਪਹਿਲੂ ਹਨ। ਫ਼ਿਲਮ ਦੀ ਕਹਾਣੀ ਪੰਜਾਬ ਦੇ ਨਾਲ ਨਾਲ ਵਿਦੇਸ਼ੀ ਮਾਹੌਲ ਦਾ ਹਿਸਾ ਵੀ ਬਣੀ ਹੈ, ਜਿੱਥੋਂ ਦੇ ਕਲਚਰ ਅਤੇ ਆਧੁਨਿਕ ਵਿਚਾਰਧਾਰਾ ਤਹਿਤ ਸੱਚੇ-ਸੁੱਚੇ ਪਿਆਰਾਂ ਦੀ ਗੱਲ ਕੀਤੀ ਗਈ ਹੈ। ਦੋਸਤੀ ਤੇ ਇਸ਼ਕ ਨੂੰ ਭਾਵਨਾਤਮਿਕ ਤੌਰ 'ਤੇ ਦਰਸਾਇਆ ਗਿਆ ਹੈ । ਇਸ ਕਹਾਣੀ ਵਿਚਲੀਆਂ ਕਈ ਅਹਿਮ ਘਟਨਾਵਾਂ ਫ਼ਿਲਮ ਨੂੰ ਰੌਚਕ ਬਣਾਉਂਦੀਆਂ ਹਨ। ਸਾਰੇ ਹੀ ਕਲਾਕਾਰਾਂ ਨੇ ਵਧੀਆ ਕੰਮ ਕੀਤਾ ਹੈ। ਇਸ ਫ਼ਿਲਮ 'ਚ ਐਮੀ ਵਿਰਕ ਤੇ ਸਰਗੁਣ ਮਹਿਤਾ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਇਸ ਤੋਂ ਇਲਾਵਾ ਤਾਨੀਆ, ਹਰਦੀਪ ਗਿੱਲ, ਸਤਵੰਤ ਕੌਰ, ਰੁਪਿੰਦਰ ਰੂਪੀ, ਅੰਮ੍ਰਿਤ ਅੰਮੇ, ਬਲਵਿੰਦਰ ਬੁਲਟ, ਹਰਪ੍ਰੀਤ ਬੈਂਸ, ਮਨਪ੍ਰੀਤ ਸਿੰਘ ਮੈਂਡੀ ਆਦਿ ਕਲਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ, ਸਕਰੀਨ ਪਲੇਅ ਅਤੇ ਡਾਇਲਾਗ ਜਗਦੀਪ ਸਿੱਧੂ ਨੇ ਲਿਖੇ ਹਨ ਤੇ ਨਿਰਦੇਸ਼ਕ ਵੀ ਖੁਦ ਹੀ ਹੈ। ਪਹਿਲੀ ਫ਼ਿਲਮ ਵਾਂਗ ਇਸ ਫ਼ਿਲਮ ਦਾ ਗੀਤ ਸੰਗੀਤ ਵੀ ਬਹੁਤ ਹੀ ਖੂਬਸੂਰਤ ਅਤੇ ਦਿਲਾਂ ਨੂੰ ਛੂਹਣ ਵਾਲਾ ਹੈ। ਫ਼ਿਲਮ ਦੇ ਗੀਤ ਜਾਨੀ ਨੇ ਲਿਖੇ ਹਨ ਜਿੰਨ੍ਹਾਂ ਨੂੰ ਬੀ ਪਰਾਕ ਨੇ ਸੰਗੀਤ ਦਿੱਤਾ ਹੈ। 'ਸ਼੍ਰੀ ਨਰੋਤਮ ਜੀ ਸਟੂਡੀਓਜ਼' ਦੇ ਬੈਨਰ ਹੇਠ ਨਿਰਮਾਤਾ ਜੋੜੀ ਅੰਕਿਤ ਵਿਜਨ ਤੇ ਨਵਦੀਪ ਨਰੂਲਾ ਦਾ ਕਹਿਣਾ ਹੈ ਕਿ ਪੂਰੀ ਦੁਨੀਆਂ 'ਚ ਵਸਦੇ ਦਰਸ਼ਕਾਂ ਨੇ 2018 ਵਿਚ 'ਕਿਸਮਤ' ਨੂੰ ਜਿਹੜਾ ਪਿਆਰ ਦਿੱਤਾ ਯਕੀਨਣ ਇਸ ਜਬਰਦਸ਼ਤ ਫ਼ਿਲਮ ਦਾ ਸੀਕੁਅਲ ਬਣਾਉਣਾ ਚਣੌਤੀ-ਭਰਿਆ ਤਜੱਰਬਾ ਰਿਹਾ। ਸਾਡੀ ਟੀਮ ਦੀ ਚਾਰ ਸਾਲਾਂ ਦੀ ਸਖਤ ਮੇਹਨਤ ਨੇ ਰੰਗ ਵਿਖਾਇਆ ਕਿ ਪਿਆਰ ਮੁਹੱਬਤ ਦੀ ਇਸ ਨਿਵੇਕਲੀ ਕਹਾਣੀ ਨੂੰ ਲੇਖਕ-ਨਿਰਦੇਸ਼ਕ ਜਗਦੀਪ ਸਿੱਧੂ ਨੇ ਬਹੁਤ ਹੀ ਖ਼ੂਬਸੂਰਤੀ ਨਾਲ ਪਰਦੇ 'ਤੇ ਉਤਾਰਿਆ। ਜਗਦੀਪ ਸਿੱਧੂ ਦੀ ਸੋਚ ਅਤੇ ਤਕਨੀਕੀ ਦਿਮਾਗ ਦੀ ਦਾਦ ਦੇਣੀ ਬਣਦੀ ਹੈ।









# ਇਹ ਬਹੁਤ ਮੰਦਭਾਗੀ ਗੱਲ ਹੈ ਕਿ ਆਈਸੀਯੂ ਵਿੱਚ ਮਰੀਜ਼ਾਂ ਦੇ ਮਰਦੇ ਰਹਿਣ ਕਾਰਨ ਹੀ ਥਾਂ ਖਾਲੀ ਹੋ ਰਹੀ ਹੈ -ਡਾ. ਵਰਨਾ ਇਯੂ





ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਹੈਲਥ ਕੇਅਰ ਸੈਕਟਰ ਵਿੱਚ ਨਿਘਾਰ ਲਗਾਤਾਰ ਜਾਰੀ ਹੈ ਤੇ ਸਥਿੱਤੀ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਹੈ। ਸੂਬੇ ਦੇ ਇਤਿਹਾਸ ਵਿੱਚ ਪਹਿਲਾਂ ਕਦੀ ਵੀ ਇੰਨੀ ਵੱਡੀ ਗਿਣਤੀ ਵਿੱਚ ਮਰੀਜ਼ ਹਸਪਤਾਲਾਂ ਵਿੱਚ ਅਤੇ ਇੰਟੈਂਸਿਵ ਕੇਅਰ ਯੂਨਿਟਾਂ ਵਿੱਚ ਦਾਖ਼ਲ ਨਹੀਂ ਹੋਏ ਸਨ, ਜਿੰਨੇ ਇਸ ਸਮੇਂ ਦੇਖੇ ਜਾ ਰਹੇ ਹਨ। ਐਲਬਰਟਾ ਹੈਲਥ ਸਰਵਿਸਿਜ਼ ਦੀ ਮੁਖੀ ਡਾ. ਵਰਨਾ ਇਯੂ ਨੇ ਬੀਤੀ 23 ਸਤੰਬਰ ਨੂੰ ਦੱਸਿਆ ਕਿ ਪਿਛਲੇ 5 ਦਿਨਾਂ ਤੋਂ ਲਗਾਤਾਰ ਹਰ ਰੋਜ਼ 23 ਮਰੀਜ਼ਾਂ ਨੂੰ ਆਈਸੀਯੂ'ਜ਼ ਵਿੱਚ ਲੈਣਾ ਪੈ ਰਿਹਾ ਹੈ। ਇਸ ਸਮੇਂ 310 ਮਰੀਜ਼ ਆਈਸੀਯੂ'ਜ਼ ਵਿੱਚ ਭਰਤੀ ਹਨ ਜਿਹਨਾਂ ਵਿੱਚੋਂ 226 ਕੋਵਿਡ-19 ਮਰੀਜ਼ ਹਨ। ਡਾ. ਵਰਨਾ ਇਯੂ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਆਈਸੀਯੂ ਵਿੱਚ ਮਰੀਜ਼ਾਂ ਦੇ ਮਰਦੇ ਰਹਿਣ ਕਾਰਨ ਥਾਂ ਖਾਲੀ ਹੋ ਰਹੀ ਹੈ। ਡਾ. ਵਰਨਾ ਇਯੂ ਨੇ ਦੱਸਿਆ ਕਿ ਹਸਪਤਾਲਾਂ ਵਿੱਚ ਆ ਰਹੇ ਬਹੁਤ ਕੋਵਿਡ ਮਰੀਜ਼ ਵੈਕਸਿਨ ਤੋਂ ਬਿਨਾਂ ਆ ਰਹੇ ਹਨ ਤੇ ਘੰਟੇ 24 ਘੰਟਿਆਂ ਵਿੱਚ ਆਈਸੀਯੂ ਵਿੱਚ ਦਾਖ਼ਲ ਹੋਏ ਕਿਸੇ ਵੀ ਮਰੀਜ਼ ਨੂੰ ਵੈਕਸਿਨ ਨਹੀਂ ਲੱਗੀ ਹੋਈ ਸੀ। ਬੀਤੇ 24 ਘੰਟਿਆਂ ਵਿੱਚ 17 ਹੋਰ ਮਰੀਜ਼ਾਂ ਦੀ ਮੌਤ ਹੋ ਗਈ ਹੈ ਤੇ ਮਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ 2611 ਟੱਪ ਗਈ ਹੈ। ਹਸਪਤਾਲਾਂ ਵਿੱਚ ਦਾਖ਼ਲ ਮਰੀਜ਼ਾਂ ਦੀ ਸੰਖਿਆ ਵਧ ਕੇ 1058 ਹੋ ਗਈ ਹੈ। ਬੀਤੇ 24 ਘੰਟਿਆਂ ਵਿੱਚ 1660 ਨਵੇਂ ਐਕਟਿਵ ਕੇਸ ਆਏ ਰਿਪੋਰਟ ਹੋਏ ਹਨ ਤੇ ਕੁੱਲ ਕੇਸਾਂ ਦੀ ਸੰਖਿਆ ਵਧ ਕੇ 20180 ਹੋ ਗਈ ਹੈ। ਐਡਮੰਟਨ ਜ਼ੋਨ ਵਿੱਚ ਕੁੱਲ ਐਕਟਿਵ ਕੇਸ ਹੁਣ 5549, ਕੈਲਗਰੀ ਜ਼ੋਨ ਵਿੱਚ 5224, ਨੌਰਥ ਜ਼ੋਨ ਵਿੱਚ 3620, ਸੈਂਟਰਲ ਜ਼ੋਨ ਵਿੱਚ 3591 ਅਤੇ ਸਾਊਥ ਜ਼ੋਨ ਵਿੱਚ 2178 ਹੋ ਗਈ ਹੈ। 18 ਮਾਮਲਿਆਂ ਵਿੱਚ ਉਹਨਾਂ ਦੇ ਜ਼ੋਨ ਦੀ ਸੂਚਨਾ ਨਹੀਂ ਹੈ। ਏਅਰਡਰੀ ਵਿੱਚ ਐਕਟਿਵ ਕੇਸਾਂ ਦੀ ਗਿਣਤੀ 241, ਕੈਲਗਰੀ ਵਿੱਚ 3866 ਅਤੇ ਚੈਸਟਰਮੀਅਰ ਵਿੱਚ 71 ਦਰਜ ਕੀਤੀ ਗਈ ਹੈ।

# ਦੋਵੇਂ ਟੀਕੇ ਲੱਗੇ ਹੋਣ ਦਾ ਸਬੂਤ ਹੁਣ ਡਾਊਨ ਲੋਡ ਕੀਤਾ ਜਾ ਸਕਦਾ ਹੈ



COVID-19 Immunization Record
Alberta

First Name:
Last Name:
Birthdate:
Gender:

The information in this report is provided as of September 19, 2021, 9:17 AM MDT.

| Date Administered | Vaccine Name | Description | Source |
|---|---|---|---|
| April 28, 2021 | AZ-COVID-19 ChAdOx1 - NR viral Vector | AstraZeneca/University of Oxford | Government of Alberta - Provincial Immunization Repository |
| June 18, 2021 | AZ-COVID-19 ChAdOx1 - NR viral Vector | AstraZeneca/University of Oxford | Government of Alberta - Provincial Immunization Repository |

MyHealth Records is a service from Alberta Health
All information contained in this report is privileged and confidential information intended for use by authorized individuals only.

Page 1 of 1

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਤੋਂ ਬਚਾਅ ਵਾਸਤੇ ਦਿੱਤੀ ਗਈ ਵੈਕਸਿਨ ਦੇ ਦੋਵੇਂ ਇੰਜੈਕਸ਼ਨ ਲਗਵਾਉਣ ਵਾਲੇ ਵਿਅਕਤੀਆਂ ਲਈ ਐਲਬਰਟਾ ਸਰਕਾਰ ਵੱਲੋਂ ਸਬੂਤ ਜਾਰੀ ਕਰ ਦਿੱਤਾ ਗਿਆ ਹੈ। ਐਲਬਰਟਾ ਵੈਕਸਿਨ ਰੈਕਰਡ ਡੌਟ ਸੀ ਏ 'ਤੇ ਜਾ ਕੇ ਇਸ ਨੂੰ ਡਾਉਨਲੋਡ ਕੀਤਾ ਜਾ ਸਕਦਾ ਹੈ। ਸਬੂਤ ਲੈਣ ਵਾਸਤੇ ਹੈਲਥ ਕਾਰਡ ਨੰਬਰ, ਜਨਮ ਮਿਤੀ ਅਤੇ ਦੂਜਾ ਟੀਕਾ ਲਗਵਾਉਣ ਦੀ ਮਿਤੀ ਭਰਨੀ ਪਵੇਗੀ। ਇਸ ਵੈਕਸਿਨ ਕਾਰਡ ਨੂੰ ਫੋਨ ਵਿੱਚ ਸੇਵ ਵੀ ਕੀਤਾ ਜਾ ਸਕਦਾ ਹੈ ਤੇ ਇਸ ਦਾ ਪ੍ਰਿੰਟ ਵੀ ਹਾਸਲ ਕੀਤਾ ਜਾ ਸਕਦਾ ਹੈ। ਪਹਿਲਾਂ ਕਹੇ ਗਏ ਮੁਤਾਬਕ ਹੁਣ ਮਾਇ ਹੈਲਥ ਰੈਕਰਡ ਅਪਲਿਕੇਸ਼ਨ ਨੂੰ ਡਾਉਨਲੋਡ ਕਰਨ ਦੀ ਲੋੜ ਨਹੀਂ ਹੋਵੇਗੀ।


















## ਸਾਡਾ ਵਿਰਸਾ

# ਇਉਂ ਬਣਦੇ ਸੀ ਸਰਪੋਸ਼,ਛਿੱਕੂ ਅਤੇ ਮੂਹੜੇ




95691-49556
ਸ੍ਰੀ ਮੁਕਤਸਰ ਸਾਹਿਬ

ਹੁਣ ਤੋਂ ਕੋਈ ਚਾਰ ਕੂ ਸਦੀਆਂ ਪਹਿਲਾਂ ਵਾਲੇ ਪੰਜਾਬ ਦੀ ਜੇ ਗੱਲ ਕਰੀਏ ਓਦੋਂ ਮਸੀਨੀ ਯੁੱਗ ਤਾਂ ਭਾਵੇਂ ਨਹੀਂ ਸੀ ਪਰ ਅਜੋਕੀਆਂ ਮਸ਼ੀਨੀ ਯੁੱਗ ਵਿੱਚ ਆਈਆਂ ਮਸ਼ੀਨਾਂ ਦੇ ਕੰਮ ਕਰਨ ਵਾਂਗੂੰ ਓਸ ਸਮੇਂ ਦੇ ਸਾਡੇ ਪੁਰਖੇ ਇਨ੍ਹਾਂ ਮਸ਼ੀਨਾਂ ਵਾਂਗ ਹੀ ਖੁਦ ਹੱਥੀਂ ਕੰਮ ਕਰਿਆ ਕਰਦੇ ਸਨ। ਕਦੇ ਵੀ ਕੋਈ ਅਕੇਵਾਂ ਥਕੇਵਾਂ ਤਾਂ ਓਹਨਾਂ ਦੇ ਨੇੜ ਦੀ ਵੀ ਨਹੀਂ ਸੀ ਲੰਘਦਾ। ਨਸ਼ੇ ਨਾਮ ਦੀ ਕੋਈ ਚੀਜ ਹੀ ਨਹੀਂ ਸੀ ਓਹਨਾਂ ਸਮਿਆਂ ਚ। ਹਾਂ ਇੱਕੋ ਇੱਕ ਨਸ਼ਾ ਹੋਇਆ ਕਰਦਾ ਸੀ ਓਹ ਸੀ ਅਫ਼ੀਮ ਜਿਸ ਨੂੰ ਕਾਲੀ ਨਾਗਣੀ ਵੀ ਕਿਹਾ ਕਰਦੇ ਸਨ।ਓਹ ਨਸ਼ਾ ਨਾ ਹੋ ਕੇ ਨੌਜਵਾਨੀ ਵਿਚ ਖਾ ਕੇ ਕੰਮ ਕਰਨ ਦੀ ਸਮਰੱਥਾ ਦੁਗਣੀ ਚੌਗੁਣੀ ਕਰ ਦਿੰਦੀ ਸੀ,ਤੇ ਅਜੋਕਿਆ ਸੰਟੈਥਿਕ ਨਸ਼ਿਆਂ ਵਾਂਗ ਸਰੀਰ ਨੂੰ ਘੁਣ ਵਾਂਗ ਖਾਂਦੀ ਵੀ ਨਹੀਂ ਸੀ।ਇਸ ਤੋਂ ਬਿਨਾਂ ਸ਼ਰਾਬ ਦਾ ਥੋੜ੍ਹਾ ਬਹੁਤਾ ਸੇਵਨ ਕਰਿਆ ਕਰਦੇ ਸਨ।

ਸਾਰਾ ਕੰਮ ਹੱਥੀਂ ਕਰਦੇ ਕਰਕੇ ਹੀ ਜੁੱਸੇ ਵੀ ਫੌਲਾਦੀ ਸਨ ਪੰਜਾਬੀਆਂ ਦੇ।ਇਸ ਦੇ ਉਲਟ ਅੱਜ ਕੋਈ ਫੌਲਾਦੀ ਜੁੱਸੇ ਵਾਲੇ ਜਵਾਨ ਦੀ ਜੇਕਰ ਦੀਵਾ ਲੈ ਕੇ ਵੀ ਭਾਲ ਕਰੀਏ ਤਾਂ ਨਹੀਂ ਲੱਭਣਾ। ਹਾਂ ਕਾਗਜ਼ੀ ਪਹਿਲਵਾਨਾਂ ਦੀ ਕੋਈ ਕਮੀ ਨਹੀਂ ਜਿਨਾਂ ਦੇ ਸਰੀਰ ਨਸ਼ਿਆਂ ਨੇ ਖਾਧੇ ਹੋਏ ਹਨ।ਬੱਸ ਬੁੱਤ ਹੀ ਤੁਰੇ ਫਿਰਦੇ ਜਾਪਦੇ ਹਨ।

ਸਾਰਾ ਕੰਮ ਹੱਥੀਂ ਕਰਨ ਦੇ ਵਿੱਚ ਹੀ ਓਹਨਾਂ ਸਮਿਆਂ ਵਿੱਚ ਕਣਕ ਦੀ ਕਟਾਈ ਹੱਥੀਂ ਕਰਿਆ ਕਰਦੇ ਸਨ।ਪਰ ਜਿਨ੍ਹਾਂ ਨੇ ਇਹ ਉਪਰੋਕਤ ਕੰਮ ਕਰਨਾ ਹੁੰਦਾ ਸੀ ਓਹ ਲਾਂਗੇ ਦੀਆਂ ਭਰੀਆਂ ਘਰੇ ਲਿਆ ਹੈ ਉੱਤੋਂ ਉੱਤੋ ਕਣਕ ਦੇ ਸਿੱਟੇ ਡੁੰਗ ਕੇ ਥੱਲੇ ਵਾਲੇ ਬਚਦੇ ਨਾੜ ਨੂੰ ਲੱਕੜ ਦੀ ਬਣਾਈ ਹੋਈ ਹਥੌੜੀ ਨਾਲ ਕੁੱਟਦੇ ਭਾਵ ਚਿਪਦੇ ਸਨ,ਤਾ ਕਿ ਨਾੜ ਚੌੜਾ ਹੋ ਜਾਵੇ ਤੇ ਲੋੜ ਅਨੁਸਾਰ ਉਸ ਨੂੰ ਗਿੱਲਾ ਵੀ ਕਰ ਲੈਂਦੇ ਹਨ ਤਾ ਕਿ ਓਹ ਟੁੱਟੇ ਠਾ।ਇਸ ਕੁੱਟੇ ਹੋਏ ਨਾੜ ਤੋਂ ਹੀ ਸਰਪੋਸ਼ (ਰੋਟੀਆਂ ਰੱਖਣ ਲਈ ਚੰਗੇਰ) ਪੂਣੀਆਂ ਗਲੋਟੇ ਜਾ ਹੋਰ ਕੋਈ ਘਰੇਲੂ ਸਮਾਨ ਰੱਖਣ ਲਈ ਛਿੱਕੂ,ਮੂਹੜੇ ਤੇ ਹੋਰ ਵੀ ਕਈ ਕਿਸਮ ਦਾ ਘਰਾਂ ਨੂ ਸਜਾਉਣ ਵਾਲਾ ਬਣਾਇਆ ਜਾਂਦਾ ਸੀ।(ਬਿਲਕੁਲ ਫੋਟੋ ਦੀ ਤਰ੍ਹਾਂ)ਇਸ ਕੁੱਟੇ ਹੋਏ ਨਾੜ ਨੂੰ ਵੰਨ ਸੁਵੰਨੇ ਭਾਂਤ ਭਾਂਤ ਦੇ ਪੱਛਮੀਂ ਜਾਂ ਸੂਤੀ ਰੰਗ ਬਿਰੰਗੇ ਧਾਗਿਆਂ ਨਾਲ ਮੜ੍ਹ ਲਿਆਂ ਜਾਂਦਾ ਸੀ, ਤਾਂ ਕਿ ਇਹ ਸਰਪੋਸ਼,ਮੂਹੜੇ ਛਿੱਕੂ ਹੋਰ ਵੀ ਸੁਹਾਵਣੇ ਲੱਗਣ।ਕਈ ਕਈ ਘਰ ਤਾਂ ਆਪਣੇ ਘਰ ਲਈ ਹੀ ਇਹ ਬਣਾਇਆ ਕਰਦੇ ਸਨ,ਪਰ ਕਈ ਹਿੰਮਤੀ ਇਨਸਾਨ ਆਪਣੇ ਰੁਜ਼ਗਾਰ ਲਈ ਵੀ ਇਹ ਕਾਰਜ ਕਰਿਆ ਕਰਦੇ ਸਨ ਅਤੇ ਘਰਾਂ ਦਾ ਗੁਜ਼ਾਰਾ ਚਲਾਉਂਦੇ ਸਨ। ਹੁਣ ਬਦਲੇ ਹੋਏ ਜ਼ਮਾਨੇ ਵਿੱਚ ਇਹ ਗੱਲਾਂ ਦੀ ਕੋਈ ਵੀ ਕੀਮਤ ਨਹੀਂ ਰਹਿ ਗਈ।ਪਰ ਪੁਰਾਤਨ ਪੰਜਾਬ ਵਿੱਚ ਇਹੋ ਜਿਹੇ ਸਮੇਂ ਬਹੁਤ ਬੁਲੰਦੀਆਂ ਤੇ ਹੋਇਆ ਕਰਦੇ ਸਨ। ਸਰਪੋਸ਼ ਵਿੱਚ ਪੋਣੇ ਵਿੱਚ ਲਪੇਟ ਕੇ ਰੋਟੀਆਂ ਰੱਖਣ ਦਾ ਰਿਵਾਜ ਸਿਖਰਾਂ ਤੇ ਰਿਹਾ ਹੈ ਔਰ ਇਹ ਸਰਪੋਸ਼ ਕਿਸੇ ਸਮੇਂ ਵੀ ਖਾਲੀ ਨਹੀਂ ਸਨ ਹੁੰਦੇ ਕਿਉਂਕਿ ਕਦੋ ਤੇ ਕਿਸੇ ਸਮੇਂ ਕਿਸੇ ਰਾਹੀ ਪਾਂਧੀ ਜਾ ਮਾੜੇ ਮੰਗਤੇ ਨੇ ਆ ਜਾਣਾ ਕੋਈ ਪਤਾ ਨਹੀਂ ਸੀ ਹੁੰਦਾ। ਓਹਨਾਂ ਨੂੰ ਖਾਲੀ ਮੋੜਨਾ ਓਹਨਾਂ ਸਮਿਆਂ ਵਿੱਚ ਪਾਪ ਸਮਝਿਆ ਜਾਂਦਾ ਸੀ।ਪਰ ਅੱਜ ਬਿਲਕੁਲ ਸਮੇਂ ਬਦਲ ਚੁੱਕੇ ਹਨ ਨਾਂ ਤਾਂ ਓਹੋ ਜਿਹੇ ਲੋਕ ਰਹੇ ਨਾ ਹੀ ਓਹੋ ਜਿਹੇ ਮਾੜੇ ਮੰਗਤੇ ਹੀ। ਨਾਂ ਹੀ ਕੋਈ ਕਿਸੇ ਰਾਹੀ ਪਾਂਧੀ ਨੂੰ ਖਾਣਾ ਖਵਾਉਣ ਦੇ ਰਿਵਾਜ ਹੀ ਰਹੇ। ਓਹਨਾਂ ਸਮਿਆਂ ਵਿੱਚ ਰਾਤਾਂ ਨੂੰ ਵੀ ਦਰਵਾਜ਼ੇ ਖੁੱਲੇ ਰਹਿੰਦੇ ਸਨ,ਪਰ ਅਜੋਕੇ ਬਦਲੇ ਸਮਿਆਂ ਤੇ ਸਮੀਕਰਨਾਂ ਵਿੱਚ ਰਾਤਾਂ ਨੂੰ ਤਾਂ ਛੱਡੋ ਦਿਨੇ ਵੀ ਕਿਸੇ ਵੀ ਘਰ ਦਾ ਦਰਵਾਜ਼ਾ ਖੁਲਾ ਨਹੀਂ ਮਿਲਦਾ ਸਗੋਂ ਗਰਮੀ ਵਿੱਚ ਭਾਵੇਂ ਬਾਹਰ ਖੜਾ ਕੋਈ ਮਿਲਣ ਵਾਲਾ ਆਦਮੀ ਨਿਢਾਲ ਹੋ ਕੇ ਡਿੱਗ ਹੀ ਪਵੇ,ਪਰ ਦਸ ਮਿੰਟ ਆਵਾਜ਼ ਜਾਂ ਘੰਟੀ ਮਾਰਨ ਤੋਂ ਬਾਅਦ ਹੀ ਦਰਵਾਜ਼ਾ ਖੋਲ੍ਹਣ ਦਾ ਰਿਵਾਜ ਪ੍ਰਚਲਿਤ ਹੋ ਚੁੱਕਾ ਹੈ।

ਸੋ ਦੋਸਤੋ ਓਹੀ ਗੱਲ ਹੈ ਕਿ ਸਮਾਂ ਸਮਾਂ ਹੀ ਸਮਰੱਥ ਹੈ।ਓਹ ਸਮੇਂ ਵਾਪਸ ਤਾਂ ਕਿਸੇ ਵੀ ਕੀਮਤ ਤੇ ਨਹੀਂ ਆ ਸਕਦੇ ਪਰ ਯਾਦਾਂ ਜ਼ਰੂਰ ਜਿਹਨ ਤਾਜ਼ੀਆਂ ਹੋ ਜਾਂਦੀਆਂ ਨੇ ਜਦੋਂ ਕਿਸੇ ਸਮੇਂ ਇਹੋ ਜਿਹੀ ਫ਼ੋਟੋ ਵੇਖੀਦੀ ਹਾਂ ਤਾਂ ਜ਼ਰੂਰ ਕੁਝ ਲਿਖਣ ਲਈ ਮਨ ਉਤਾਵਲਾ ਹੋ ਜਾਂਦਾ ਹੈ ਤੇ ਇਸ ਨੂੰ ਰੱਬ ਵਰਗੇ ਨਿਰਖੀ ਪਰਖੀ ਦੋਸਤਾਂ ਨਾਲ ਪ੍ਰਿੰਟ ਮੀਡੀਆ ਰਾਹੀਂ ਸਾਂਝਾਂ ਕਰਕੇ ਮਨ ਨੂੰ ਸਕੂਨ ਜਿਹਾ ਮਿਲਦਾ ਹੈ।





# ਬਾਜਰਾ ਪਰਵਾਰ (ਮਿਲੇਟ), ਸੈਲਬਰਿਟੀ ਦੀ ਪਹਿਲੀ ਪਸੰਦ ਕਿਉਂ?



ਸੁਖਵਿੰਦਰ ਬਰਾੜ
91-86996-17609

ਮਿਲੇਟ (ਬਾਜਰਾ) ਸਭ ਤੋਂ ਪੁਰਾਣਾ ਉਗਾਇਆ ਜਾਣ ਵਾਲਾ ਅਨਾਜ ਹੈ। ਇਹ ਨਿਊਟ੍ਰੀਸ਼ਨ (ਧਾਤਾਂ, ਵਿਟਾਮਿਨ, ਰੇਸ਼ੇ,ਪ੍ਰੋਟੀਨ,ਫੈਟ, ਕਾਰਬ,ਪੋਲੀਫੀਨੋਲ)ਭਰਪੂਰ ਸੁਪਰ ਫੂਡ ਹੈ। ਕਣਕ, ਚਾਵਲ, ਮੱਕੀ ਆਦਿ ਤਾਂ ਇਸ ਦੇ ਗੁਣਾਂ ਅਨੁਸਾਰ ਪਾਸਕ ਵੀ ਨਹੀਂ। ਕਿਉਂਕਿ ਇਹਨਾਂ ਮਾਡਰਨ ਫਸਲਾਂ ਨਾਲ ਬਰੀਡਰਜ਼ ਨੇ ਝਾੜ ਵਧਾਉਣ ਦੇ ਚੱਕਰ ਵਿੱਚ ਬਹੁਤ ਛੇੜਛਾੜ ਕੀਤੀ ਹੈ। ਜਿਸ ਕਾਰਨ ਝਾੜ ਵਧਣ ਦੇ ਨਾਲ ਨਾਲ ਮਾੜੇ ਗੁਣ ਵੀ ਪਾਏ ਗਏ। ਰਸਾਇਣਕ ਖਾਦਾਂ, ਕੀੜੇ ਤੇ ਨਦੀਨ ਨਾਸ਼ਕ ਜ਼ਹਿਰਾਂ, ਅਧਿਕ ਪਾਣੀ ਦੀ ਵਰਤੋਂ ਨਾਲ ਸਾਡੀ ਧਰਤੀ ਮਾਤਾ ਦੀ ਗੋਦ ਤਾਂ ਪ੍ਰਦੂਸ਼ਨ ਕੀਤੀ ਹੀ ਹੈ ਸਾਡੀ ਸਿਹਤ ਦਾ ਖਿਲਵਾੜ ਕਰਦੇ ਹੋਏ ਅਨੇਕਾਂ ਨਾਮੁਰਾਦ ਬੀਮਾਰੀਆਂ ਵੀ ਸਾਡੀ ਝੋਲੀ ਪਾਈਆਂ।

ਮਿਲੇਟ ਨੂੰ ਬਹੁਤ ਘਟ ਪਾਣੀ ਦੀ ਜ਼ਰੂਰਤ ਪੈਂਦੀ ਹੈ। ਬਾਰਸ਼ ਨਾਲ ਹੀ ਸਾਰ ਲੈਂਦੀ ਹੈ। ਬਹੁਤੀ ਉਪਜਾਊ ਜ਼ਮੀਨ, ਰਸਾਇਣਕ ਖਾਦਾਂ, ਜ਼ਹਿਰਾਂ ਆਦਿ ਦੀ ਵੀ ਲੋੜ ਨਹੀਂ ਪੈਂਦੀ। ਪੱਕ ਵੀ 65-90 ਦਿਨਾਂ ਵਿੱਚ ਹੀ ਜਾਂਦੀ ਹੈ। ਸੋਕੇ, ਕੀੜੇ ਮਕੌੜੇ, ਬੀਮਾਰੀਆਂ ਨਾਲ ਟਾਕਰਾ ਲੈਣ ਦੇ ਸਮਰੱਥ ਹੈ।

ਮਿਲੇਟ ਦੇ ਹੋਰ ਗੁਣ :

ਮਿਲੇਟ ਆਰਗੈਨਿਕ ਫਸਲ ਹੈ।
ਮਿਲੇਟ ਗਲੂਟਨ ਰਹਿਤ ਅਨਾਜ ਹੈ।
ਮਿਲੇਟ ਤੋਂ ਕਿਸੇ ਨੂੰ ਅਲਰਜੀ ਨਹੀਂ ਹੁੰਦੀ।
ਮਿਲੇਟ ਸੀਲੀਅਕ ਮਰੀਜ਼ਾਂ ਲਈ ਬਹੁਤ ਲਾਹੇਵੰਦ ਹੈ।
ਇਹ ਸੁਪਰ ਫੂਡ ਹੈ ਤੇ ਭਾਰਤੀਆਂ ਦਾ ਦੇਸੀ ਫੂਡ ਹੈ।
ਮਿਲੇਟ ਐਸਿਡਿਟੀ ਦੂਰ ਕਰਦਾ ਹੈ ਕਿਉਂਕਿ ਇਹ ਅਲਕੇਲਾਈਨ ਹੈ।
ਇਹ ਬਹੁਤ ਆਸਾਨੀ ਨਾਲ ਹਜ਼ਮ ਹੋ ਜਾਂਦਾ ਹੈ।
ਇਹ ਦੁੱਧ ਚੁੰਘਦੇ ਬੱਚੇ ਤੋਂ ਲੈ ਕੇ ਬੁੱਢਿਆਂ ਤੱਕ ਦਿੱਤਾ ਜਾ ਸਕਦਾ ਹੈ।

ਮਿਲੇਟ ਦੀਆਂ ਕਿਸਮਾਂ :

Pearl millet (ਬਾਜਰਾ)
Finger millet ( ਰਾਗੀ)
Foxtail millet ( ਕੰਗਨੀ)
Kodo millet (ਕੋਦਰਾ)
Proso millet ( ਚੀਨਾਂ)
Little millet ( ਕੁਟਕੀ)
Barnyard millet (ਸਵਾਂਕ)
Sorghum (ਜਵਾਰ)

ਇਹਨਾਂ ਵਿੱਚੋਂ ਰਾਗੀ ਮੇਰਾ ਫੇਵਰਿਟ ਹੈ।

ਆਉ ਫਿਰ ਜਾਣੀਏ ਇਸ ਜਾਦੂਈ ਮਿਲੇਟ ਦੇ ਚਮਤਕਾਰ !

ਮਿਲੇਟ ਨੂੰ ਆਮ ਤੌਰ ਤੇ ਅਫ਼ਰੀਕਾ, ਰੂਸ, ਚਾਈਨਾ ਤੇ ਭਾਰਤ ਵਿੱਚ ਪੈਦਾ ਕੀਤਾ ਜਾਂਦਾ ਹੈ। ਪਰ ਇਸ ਦੀ ਮੰਗ ਸਾਰੀ ਦੁਨੀਆਂ ਵਿੱਚ ਵਧ ਰਹੀ ਹੈ ਖਾਸ ਤੌਰ ਤੇ ਸੈਲਬਰਿਟੀ ਵਿੱਚ। ਇਸ ਦੀਆਂ ਰੋਟੀਆਂ, ਮੁਰਮੁਰੇ, ਖੀਰ, ਸੂਪ, ਇਡਲੀ, ਡੋਸਾ, ਖਿਚੜੀ,ਪੈਨਕੇਕ, ਮਫਿਨ, ਬਿਸਕੁਟ, ਕੇਕ,ਸਵੀਟਸ ਆਦਿ ਦੀ ਸ਼ਕਲ ਵਿੱਚ ਵਰਤਿਆ ਜਾ ਸਕਦਾ ਹੈ।

ਇਹ ਐਂਟੀਇੰਨਫਲਾਮੇਟਰੀ ਹੈ, ਸ਼ੋਜਸ਼ ਘਟਾਉਂਦਾ ਹੈ।

ਇਹ ਐਂਟੀ ਕੈਂਸਰ ਹੈ, ਕਈ ਪ੍ਰਕਾਰ ਦੇ ਕੈਂਸਰ ਰੋਗਾਂ ਤੋਂ ਬਚਾਉਂਦਾ ਹੈ।

ਇਸ ਵਿੱਚ ਬਹੁਤ ਸਾਰੇ ਐਂਟੀਔਕਸੀਡੈਂਟ ਹੁੰਦੇ ਹਨ ( ਵਿਟਾਮਿਨ ਸੀ, ਈ, ਕਰਕਿਊਮਨ, ਕੁਅਰਸੀਟੀਨ, ਇਲਾਜਿਕ ਐਸਿਡ)

ਇਸ ਵਿੱਚ ਐਂਟੀ ਵਾਇਰਲ ਪਦਾਰਥ ਹੁੰਦੇ ਹਨ ਜਿਹੜੇ ਵੱਖ ਵੱਖ ਵਾਇਰਲ ਰੋਗਾਂ ਤੁੋਂ ਬਚਾਉਂਦੇ ਹਨ।

ਇਹ ਵਾਧੂ ਐਸਟਰੋਜਨ ਨੂੰ ਸੰਤੁਲਨ ਕਰਦੇ ਹਨ।

ਇਹ ਐਂਟੀਮਾਈਕਰੋਬੀਅਲ ਹਨ ਤੇ ਬੈਕਟੀਰੀਆ ,ਉੱਲੀ ਤੇ ਯੀਸਟ ਰੋਗਾਂ ਨੂੰ ਰੋਕਦੇ ਹਨ।

ਇਹਨਾਂ ਵਿੱਚ ਫਾਈਬਰ (ਰੇਸ਼ਾ) ਦੂਸਰੇ ਅਨਾਜਾਂ ਮੁਕਾਬਲੇ ਬਹੁਤ ਹੁੰਦਾ ਹੈ।

ਮਿਲੇਟ ਕੈਲਸ਼ੀਅਮ, ਮੈਗਨੀਸ਼ੀਅਮ, ਪੋਟਾਸ਼ੀਅਮ, ਫਾਸਫੋਰਸ, ਜ਼ਿੰਕ, ਲੋਹਾ, ਕਾਪਰ, ਵਿਟਾਮਿਨ ਬੀ ਕੰਪਲੈਕਸ ਬੀ 3, ਟਰਿਪਟੋਫੈਨ ਆਦਿ ਨਾਲ ਭਰਪੂਰ ਹਨ।

ਮਿਲੇਟ ਸਰੀਰ ਵਿੱਚੋਂ ਜ਼ਹਿਰ ਬਾਹਰ ਕੱਢਦੇ ਹਨ।

ਮਿਲੇਟ ਵਿਚਲੇ ਘੁਲਣਸ਼ੀਲ ਤੇ ਨਾ ਘੁਲਣਸ਼ੀਲ ਰੇਸ਼ੇ ਪਰੀਬਾਇਉਟਿਕ ਤੇ ਪਰੋਬਾਇਉਟਿਕ ਦਾ ਕੰਮ ਕਰਦੇ ਹਨ ਜਾਣੀ ਕਿ ਮਿੱਤਰ ਬੈਕਟੀਰੀਆ ਵਧਾ ਕੇ ਦੁਸ਼ਮਨ ਬੈਕਟੀਰੀਆ ਦਾ ਖਾਤਮਾ ਕਰਦੇ ਹਨ।

ਇਹਨਾਂ ਦੇ ਰੇਸ਼ੇ ਕਬਜ਼ ਨੂੰ ਜੜੋਂ ਖਤਮ ਕਰਦੇ ਹਨ। ਵਾਧੂ ਕੋਲੈਸਟਰੋਲ, ਐਸਟਰੋਜਨ ਧੂਹ ਕੇ ਬਾਹਰ ਮਾਰਦੇ ਹਨ।

ਪੇਟ ਦੇ ਰੋਗ ਜਿਵੇਂ ਕਿ ਮੇਹਦੇ ਵਿਚ ਛਾਲੇ, ਗੈਸ, ਬਲੋਟਿੰਗ, ਐਸੀਡਿਟੀ ਖਤਮ ਕਰਦੇ ਹਨ।

ਬਲੱਡ ਸੂਗਰ ਨੂੰ ਘਟਾਉਂਦੇ ਹਨ, ਕਿਓਕਿ ਇਹਨਾਂ ਦਾ ਗਲਾਈਸੀਮਿਕ ਇੰਡੈਕਸ ਬਹੁਤ ਘੱਟ ਹੁੰਦਾ ਹੈ (48-56) ਜਦੋਂ ਕਿ ਕਣਕ, ਚੌਲ ਦਾ 70 ਤੋਂ ਵੀ ਵੱਧ ਹੁੰਦਾ ਹੈ। ਇਹ ਬਲੱਡ ਸੂਗਰ ਹੌਲੀ ਹੌਲੀ 5-6 ਘੰਟਿਆਂ ਵਿੱਚ ਬਣਾਉਂਦੇ ਹਨ ਜਦੋਂ ਕਿ ਕਣਕ 1-2 ਘੰਟਿਆਂ ਵਿੱਚ ਹੀ ਅਸਮਾਨੀ ਪਹੁੰਚਾ ਦਿੰਦੀ ਹੈ।

ਦਿਲ ਦੇ ਰੋਗਾਂ ਤੋਂ ਬਚਾਉਂਦੇ ਹਨ। ਨਿਆਸੀਨ ( ਵਿਟਾਮਿਨ ਬੀ3) ਬਲੱਡ ਸਰਕੂਲੇਸ਼ਨ ਵਧਾ ਕੇ, ਕੋਲੈਸਟਰੋਲ ਤੇ ਟਰਾਈਗਲਿਸਰਾਈਡ ਘਟਾ ਕੇ ਹਿਰਦੇ ਰੋਗਾਂ ਤੋਂ ਰਾਹਤ ਦਿਵਾਉਂਦਾ ਹੈ।

ਅੱਖਾਂ ਦੇ ਰੋਗਾਂ ਦੀ ਦਵਾਈ : ਮਿਲੇਟ ਵਿੱਚ ਬੀਟਾ ਕੈਰੋਟੀਨ ਬਹੁਤ ਹੁੰਦੀ ਹੈ ਖਾਸ ਤੌਰ ਤੇ ਲਾਲ ਰਾਗੀ ਵਿੱਚ ਜੋ ਕਿ ਵਿਟਾਮਿਨ ਏ ਵਿੱਚ ਤਬਦੀਲ ਹੋ ਕਿ ਅੱਖਾਂ ਦੀ ਰੋਸ਼ਨੀ ਵਧਾ ਕੇ ਮੋਤੀਆ ਵਰਗੇ ਰੋਗਾਂ ਤੋਂ ਵੀ ਬਚਾਉਂਦੀ ਹੈ।

ਛਾਤੀ ਤੇ ਕੋਲਨ ਦੇ ਕੈਂਸਰ ਤੋਂ ਬਚਾਉਂਦੇ ਹਨ। ਕਿਉਕਿ ਕੋਲਨ ਵਿੱਚ ਮਲਮੂਤਰ ਨਹੀਂ ਜੰਮਣ ਦਿੰਦੇ।

ਮਿਲੇਟ ਵਿੱਚ ਪੋਟਾਸ਼ੀਅਮ ਬਹੁਤ ਹੋਣ ਕਰਕੇ ਸਟਰੋਕ, ਹਰਟ ਅਟੈਕ ਤੇ ਕਿਡਨੀ ਰੋਗ ਤੋਂ ਬਚਾਉਂਦੇ ਹਨ।

ਮੈਗਨੀਸ਼ੀਅਮ ਭਰਪੂਰ ਹੋਣ ਕਰਕੇ ਦਿਲ ਨੂੰ ਮਜ਼ਬੂਤ ਕਰਦੇ ਹਨ ਤੇ ਇੰਨਸੂਲੀਨ ਦੀ ਸਮਰੱਥਾ ਵਧਾਉਂਦੇ ਹਨ।

ਮੈਗਨੀਸ਼ੀਅਮ ਬਲੱਡ ਪ੍ਰੈਸ਼ਰ ਘਟਾਉਂਦਾ ਹੈ। ਦਮੇ ਦੇ ਰੋਗ ਤੋਂ ਵੀ ਰਾਹਤ ਮਿਲਦੀ ਹੈ।

ਮਾਈਗਰੇਨ ਵੀ ਠੀਕ ਕਰਦਾ ਹੈ।

ਇਹ ਪਰੈਗਨੈਂਟ, ਡਿਲਵਰੀ ਬਾਅਦ ਲੇਡੀਜ ਨੂੰ ਬਹੁਤ ਲਾਭਦਾਇਕ ਹੈ। ਇਹ ਦੁੱਧ ਦੀ ਪਰੋਡੈਕਸ਼ਨ ਬਹੁਤ ਵਧਾਉਂਦਾ ਹੈ। ਇਸ ਵਿੱਚ ਆਇਰਨ ਬਹੁਤ ਹੁੰਦਾ ਹੈ ਜੋ ਕਿ ਬੱਚੇ ਤੇ ਮਾਂ ਨੂੰ ਬਹੁਤ ਲੋੜ ਹੁੰਦੀ ਹੈ।

ਇਹ ਭਾਰ ਘਟਾਉਂਦੇ ਹਨ ਕਿਉਂਕਿ ਇਸ ਵਿੱਚਲਾ ਟਰਿਪਟੋਫੈਨ ਭੁੱਖ ਨਿਰੰਤਰ ਕਰਦਾ ਹੈ। ਰੇਸ਼ੇ ਪਾਣੀ ਸੋਕ ਕੇ ਪੇਟ ਭਰ ਦਿੰਦੇ ਹਨ। ਇਸ ਨੂੰ ਚਬਾਉਣਾ ਬਹੁਤ ਪੈਂਦਾ ਹੈ ਤੇ ਦੇਰ ਤੱਕ ਭੋਜਨ ਖਾਣ ਨਾਲ ਬਰੇਨ ਸੰਤੁਸ਼ਟ ਹੋ ਕੇ ਮੇਹਦੇ ਨੂੰ ਫੁੱਲ ਦਾ ਮੈਸੇਜ ਭੇਜਦਾ ਹੈ। ਓਵਰ ਈਟਿੰਗ ਤੋਂ ਬਚਾਉਂਦਾ ਹੈ।

ਨੀਂਦ ਨਾ ਆਉਣੀ ਜਾਂ ਘੱਟ ਆਂਉਣੀ ਟਰਿਪਟੋਫੈਨ ਦੀ ਘਾਟ ਦੀ ਨਿਸ਼ਾਨੀ ਹੈ। ਮਿਲੇਟ ਵਿਚਲਾ ਟਰਿਪਟੋਫੈਨ ਸੀਰਾਟੋਨਿਨ ਵਿੱਚ ਬਦਲ ਕੇ ਗੂੜ੍ਹੀ ਨੀਂਦ ਪ੍ਰਦਾਨ ਕਰਦਾ ਹੈ।

ਮਿਲੇਟ ਮਸਲ ਬਣਾਉਂਦੇ ਹਨ ਕਿਉਂਕਿ ਇਹਨਾਂ ਵਿੱਚ ਲਾਈਸੀਨ ਹੁੰਦਾ ਹੈ ( ਕਣਕ, ਚੌਲ, ਮੱਕੀ ਵਿੱਚ ਨਹੀਂ) ਜਿਹੜਾ ਲੀਨ ਮਸਲ ਫੈਟ ਰਹਿਤ ਬਣਾ ਕੇ ਲੇਡੀਜ ਨੂੰ ਸੁੰਦਰਤਾ ਬਖਸ਼ਦਾ ਹੈ।

ਮਿਲੇਟ ਐਂਟੀਏਜਿੰਗ ਹਨ। ਮੂੰਹ ਤੇ ਝੁਰੜੀਆਂ , ਲਾਈਨਾਂ, ਖੁਸ਼ਕੀ ਵਗੈਰਾ ਤੋਂ ਬਚਾਉਂਦੇ ਹਨ। ਇਹ ਸਭ ਕੁਛ ਇਹਨਾਂ ਵਿਚਲੇ ਲਾਈਸੀਨ ਤੇ ਪ੍ਰੋਲੀਨ ਦੀ ਮੇਹਰਬਾਨੀ ਕਰਕੇ ਸੰਭਵ ਹੈ। ਸਕਿਨ ਨੂੰ ਹਾਈਡਰੇਟ ਕਰਕੇ ਰਖਦੇ ਹਨ।

ਹੱਡੀਆਂ ਨੂੰ ਇਹਨਾਂ ਵਿਚਲਾ ਕੈਲਸ਼ੀਅਮ, ਫਾਸਫੋਰਸ, ਮੈਗਨੀਸ਼ੀਅਮ ਲੋਹੇ ਵਾਂਗੂੰ ਮਜ਼ਬੂਤ ਕਰਦਾ ਹੈ।

ਰਾਗੀ ਵਿੱਚ ਦੁੱਧ ਤੋਂ ਵੀ ਵੱਧ ਕੈਲਸ਼ੀਅਮ ਹੁੰਦਾ ਹੈ ਇਕ 100 ਗ੍ਰਾਮ ਵਿੱਚ 344 ਐਮਜੀ ਕੈਲਸ਼ੀਅਮ ਹੁੰਦਾ ਹੈ। ਇਸੇ ਲਈ ਮੈਂ ਬੱਚਿਆਂ ਨੂੰ ਓਪਰਾ ਗਾਂ ਦਾ ਦੁੱਧ ਪਿਲਾਉਣ ਤੋਂ ਮਨਾ ਕਰਦਾ ਹਾਂ। ਛੋਟੀ ਉਮਰ ਵਿੱਚ ਦੁੱਧ ਤੇ ਕਣਕ ਦੇਣ ਨਾਲ ਦਮਾ, ਤੇ ਐਲਰਜੀ ਦਾ ਰਿਸਕ ਬਹੁਤ ਵਧ ਜਾਂਦਾ ਹੈ। ਬੱਚਿਆਂ ਨੂੰ ਰਾਗੀ ਦੇ ਸੂਪ, ਦਲੀਆ, ਖਿਚੜੀ, ਬਿਸਕੁਟ, ਰੋਟੀ ਆਦਿ ਦੇ ਸਕਦੇ ਹੋ। ਰਾਗੀ ਖੁਆਉਣ ਨਾਲ ਬੱਚਿਆਂ ਦਾ ਬਰੇਨ ਬਹੁਤ ਵਧਦਾ ਹੈ।

ਨੈਰਵਸ ਸਿਸਟਮ ਦੀ ਕਾਰਜਸ਼ੈਲੀ ਨੂੰ ਮਜ਼ਬੂਤ ਕਰਦਾ ਹੈ। ਜਿਸ ਕਾਰਨ ਬੱਚਿਆਂ ਵਿੱਚ ਫਿਟਜ਼ ਦੀ ਬੀਮਾਰੀ, ਬੱਚੇ ਆਪਣਾ ਸਿਰ ਬੈਲੇਂਸ ਨਹੀਂ ਕਰ ਸਕਦੇ ਅੱਠ ਮਹੀਨੇ ਤੱਕ ਵੀ, ਵੱਡਿਆਂ ਵਿੱਚ ਕਮਜੋਰ ਨੈਰਵਜ ਜਿਵੇਂ ਸੂਈਆਂ ਚੁਭਨਾਂ, ਰਾਤ ਨੂੰ ਪੈਰ ਮੱਚਣੇ, ਅਲਜ਼ਾਈਮਰ, ਪਾਰਕਿਨਸਨ ਬੀਮਾਰੀ ਨੂੰ ਠੀਕ ਕਰਦੇ ਹਨ । ਇਹ ਸਾਰਾ ਕੰਮ ਵਿਟਅਮਿਨ ਬੀ 1, ਆਇਰਨ, ਤੇ ਪ੍ਰੋਟੀਨ ਮਿਲਕੇ ਕਰਦੇ ਹਨ।

ਇਸਟਲਇਸਸ ਲਇਗ ਸੇਨਦਰੋਮਏ ਇਸ ਵਿੱਚ ਬੰਦੇ ਨੂੰ ਅੱਚਵੀ ਜਿਹੀ ਲੱਗ ਜਾਂਦੀ ਹੈ ਤੇ ਆਪ ਮੁਹਾਰੇ ਲੱਤਾ ਹਿਲਦੀਆ ਰਹਿੰਦੀਆਂ ਹਨ। Foxtail millet ਕੰਗਨੀ ਇਸ ਬੀਮਾਰੀ ਲਈ ਬਹੁਤ ਲਾਹੇਵੰਦ ਹੈ। ਇਹ ਹੱਡੀਆਂ ਦੀ ਸ਼ੋਜਸ਼, ਸਪੋਨਦੇਲਟਿਸਿ ਨੂੰ ਵੀ ਠੀਕ ਕਰਦਾ ਹੈ।

ਬਾਜਰਾ ਖਾਣ ਨਾਲ ਗਾਲਸਟੋਨ ਤੇ ਕਿਡਨੀ ਸਟੋਨ ਨਹੀਂ ਬਣਦੇ।

ਕਿਸੇ ਵੀ ਤਰ੍ਹਾਂ ਦੇ ਜ਼ਖਮ ਨੂੰ ਬਹੁਤ ਜਲਦੀ ਭਰਦੇ ਹਨ।

ਇਸ ਵਿਚਲੇ ਐਂਟੀਆਕਸੀਡੈਂਟ ਇਮੂਨਿਟੀ ਨੂੰ ਬਹੁਤ ਤੇਜ ਕਰਦੇ ਹਨ।

ਕੋਧਰਾ ਮਹਿਲਾਵਾਂ ਦੇ ਪੀਰੀਅਡਜ ਨੂੰ ਸੰਤੁਲਨ ਕਰਕੇ ਕਰੈਂਪਸ ਤੇ ਦਰਦਾਂ ਤੋਂ ਛੁਟਕਾਰਾ ਦਿਵਾਉਂਦਾ ਹੈ।

ਛੋਟੇ ਬੱਚਿਆਂ ਨੂੰ ਸਭ ਤੋਂ ਪਹਿਲਾ ਫੂਡ ਜੇਕਰ ਦੇਣਾ ਹੈ ਤਾਂ ਉਹ ਮਿਲੇਟ ਜਾਂ ਰਾਗੀ ਹੀ ਹੈ। ਬੇਬੀ ਨੂੰ ਸੂਪ, ਕਾਂਜੀ, ਟੌਡਲਰ ਨੂੰ ਹਲਵਾ, ਖੀਰ, ਪੋਰਿਜ, ਤੇ ਵੱਡੇ ਨੂੰ ਖਿਚੜੀ, ਰੋਟੀ ਆਦਿ।

ਸਾਵਧਾਨੀਆਂ : ਇੱਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਲੋੜ ਤੋਂ ਜ਼ਿਆਦਾ ਹਰ ਚੀਜ਼ ਮਾੜੀ ਹੈ। ਮਿਲੇਟ ਵਿੱਚ ਕੁੱਝ ਮਾੜੇ ਤੱਤ ਵੀ ਪਾਏ ਜਾਂਦੇ ਹਨ। Oxalates, phytic acid and goitrogens ਸਿਹਤ ਲਈ ਫਾਇਦੇਮੰਦ ਨਹੀਂ। ਜਿਹਨਾਂ ਲੋਕਾਂ ਨੂੰ ਥਾਇਰਾਡ ਦੀ ਬੀਮਾਰੀ ਹੈ ਆਪਣੇ ਡਾਕਟਰ ਦੀ ਸਲਾਹ ਜਰੂਰ ਲਵੋਂ। ਕਿਉਂਕਿ ਇਹ ਆਂਇਉਡੀਨ ਘਟਾਉਂਦੇ ਹਨ ਤਾਂ ਆਂਇਉਡੀਨ ਜਰੂਰ ਲਵੋ।

ਬਾਕੀ ਮਿਲੇਟ ਨੂੰ ਭਿਉਂ ਕਿ 8-10 ਘੰਟੇ ਔਕਸਾਲੇਟ ਤੇ ਫਾਈਟਿਕ ਐਸਿਡ ਤੋਂ ਰਹਿਤ ਕਰ ਸਕਦੇ ਹੋ। ਇਹਨਾਂ ਨੂੰ ਹਫਤੇ ਵਿਚ 2-3 ਬਾਰ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਕਦੇ ਵੀ ਇਕੋ ਸਮੇ ਦੋ ਜਾਂ ਦੋ ਤੋਂ ਜ਼ਿਆਦਾ ਮਿਲੇਟ ਨਾ ਮਿਲਾਉ। ਮਿਲੇਟ ਖਾਉ ਤੰਦਰੁਸਤੀ ਪਾਉ। ਖੁਸ਼ੀਆਂ ਤੇ ਤੰਦਰੁਸਤੀਆਂ ਮਾਣੋ।

# ਅਫ਼ਗਾਨਿਸਤਾਨ ਦੇ ਹਾਲਾਤ ਨੇ ਬਦਲੇ ਸਮੀਕਰਨ

ਵਿਜੈ ਕ੍ਰਾਂਤੀ

ਅਫ਼ਗਾਨਿਸਤਾਨ ਤੋਂ ਅਮਰੀਕੀ ਫ਼ੌਜਾਂ ਦੀ ਵਾਪਸੀ ਤੋਂ ਬਾਅਦ ਭਾਰਤ ’ਚ ਇਕ ਖ਼ਾਸ ਵਰਗ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿ ਗਿਆ ਹੈ। ਇਨ੍ਹਾਂ ’ਚ ਦੇਸੀ ਕਮਿਊਨਿਸਟ ਸਭ ਤੋਂ ਅੱਗੇ ਹਨ, ਜੋ ਏਸ਼ੀਆ ’ਚ ਚੀਨ ਦੇ ਵਧਦੇ ਦਬਦਬੇ ਤੋਂ ਉਤਸ਼ਾਹਿਤ ਹਨ। ਨਾਲ ਹੀ ਇਸਲਾਮੀ ਜੇਹਾਦ ਦੇ ਪੈਰੋਕਾਰ, ਭਾਜਪਾ ਤੇ ਮੋਦੀ ਵਿਰੋਧੀ ਪਾਰਟੀਆਂ ਦੇ ਆਗੂ ਤੇ ਅਜਿਹੇ ਅਖੌਤੀ ਸੈਕੂਲਰਿਸਟ ਵੀ ਇਨ੍ਹਾਂ ’ਚ ਸ਼ਾਮਲ ਹਨ, ਜਿਨ੍ਹਾਂ ਨੂੰ ਭਾਰਤ ਦੇ ਕਮਜ਼ੋਰ ਹੋਣ ਦਾ ਕੋਈ ਮਲਾਲ ਨਹੀਂ ਪਰ ਮੋਦੀ ਸਰਕਾਰ ਦੇ ਮੁਸ਼ਕਲ ’ਚ ਪੈਣ ਦੇ ਆਸਾਰ ਨਾਲ ਉਨ੍ਹਾਂ ਦੀਆਂ ਵਾਛਾਂ ਖਿੜ ਗਈਆਂ ਹਨ। ਉਨ੍ਹਾਂ ਨੂੰ ਅਫ਼ਗਾਨਿਸਤਾਨ ’ਚ ਅਮਰੀਕੀ ਹਾਰ ਤੋਂ ਵੀ ਜ਼ਿਆਦਾ ਖ਼ੁਸ਼ੀ ਇਸ ਉਮੀਦ ’ਚ ਹੋ ਰਹੀ ਹੈ ਕਿ ਹੁਣ ਮੋਦੀ ਸਰਕਾਰ ਦੁਨੀਆ ’ਚ ਇਕੱਲੀ ਪੈ ਜਾਵੇਗੀ ਤੇ ਉਨ੍ਹਾਂ ਦਾ ਆਪਣਾ ਏਜੰਡਾ ਚੱਲ ਪਵੇਗਾ। ਦੂਜੇ ਪਾਸੇ ਪਾਕਿਸਤਾਨ ’ਚ ਵੀ ਉਮੀਦ ਪ੍ਰਗਟਾਈ ਜਾਣ ਲੱਗੀ ਹੈ ਕਿ ਅਫ਼ਗਾਨਿਸਤਾਨ ’ਚ ਫ਼ਤਹਿ ਹਾਸਲ ਕਰਨ ਵਾਲੇ ਇਸਲਾਮੀ ਲੜਾਕੇ ਹੁਣ ਕਸ਼ਮੀਰ ’ਚ ਜੇਹਾਦ ਸ਼ੁਰੂ ਕਰਨਗੇ।

ਇਨ੍ਹਾਂ ਤਮਾਮ ਲੋਕਾਂ ਤੋਂ ਇਲਾਵਾ ਵਿਸ਼ਲੇਸ਼ਕਾਂ ਦਾ ਵੀ ਇਕ ਵਰਗ ਅਜਿਹਾ ਹੈ, ਜਿਸ ਦਾ ਮੰਨਣਾ ਹੈ ਕਿ ਅਫ਼ਗਾਨਿਸਤਾਨ ਤੋਂ ਅਮਰੀਕਾ ਦੀ ਹਿਜਰਤ ਨਾਲ ਭਾਰਤ ਲਈ ਹਾਲਾਤ ਮੁਸ਼ਕਲ ਹੋ ਗਏ ਹਨ। ਸਤਹੀ ਤੌਰ ’ਤੇ ਉਨ੍ਹਾਂ ਦੀਆਂ ਦਲੀਲਾਂ ਕੁਝ ਹੱਦ ਤਕ ਤਰਕਸੰਗਤ ਵੀ ਦਿਖਾਈ ਦਿੰਦੀਆਂ ਹਨ ਪਰ ਇਹ ਅਜਿਹੇ ਵਿਸ਼ਲੇਸ਼ਕ ਹਨ, ਜੋ ਨਾ ਤਾਂ ਭਾਰਤ ਦੀ ਅੰਦਰੂਨੀ ਯੋਗਤਾ ਨੂੰ ਜਾਣਦੇ ਹਨ ਤੇ ਨਾ ਹੀ ਉਸ ਇਤਿਹਾਸ ਨੂੰ ਸਮਝਣਾ ਚਾਹੁੰਦੇ ਹਨ, ਜਿਸ ’ਚ ਔਖੇ ਹਾਲਾਤ ਦੇ ਬਾਵਜੂਦ ਭਾਰਤ ਵਾਰ-ਵਾਰ ਜੇਤੂ ਤੇ ਪਹਿਲਾਂ ਤੋਂ ਜ਼ਿਆਦਾ ਤਾਕਤਵਰ ਹੋ ਕੇ ਉੱਭਰਦਾ ਆਇਆ ਹੈ। ਵਿਸ਼ਲੇਸ਼ਕਾਂ ਦੇ ਇਸ ਵਰਗ ਨੂੰ ਇਹ ਯਾਦ ਦਿਵਾਉਣਾ ਜ਼ਰੂਰੀ ਹੈ ਕਿ 1965 ਤੇ 1971 ਦੀਆਂ ਜੰਗਾਂ ’ਚ ਪਾਕਿਸਤਾਨ ਨੂੰ ਅਮਰੀਕਾ ਦੀ ਖੁੱਲ੍ਹੀ ਹਮਾਇਤ ਦੇ ਬਾਵਜੂਦ ਭਾਰਤ ਨੇ ਉਸ ਨੂੰ ਬੁਰੀ ਤਰ੍ਹਾਂ ਧੂੜ ਚਟਾਈ ਸੀ। ਉੱਥੇ ਹੀ ਲੱਦਾਖ ਦੇ ਨਵੇਂ ਅਧਿਆਇ ’ਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਉਸ ਦੀ ਫ਼ੌਜ ਹੱਥ ਮਲਣ ਤੇ ਵਾਰ-ਵਾਰ ਆਪਣੇ ਸੈਨਾਪਤੀ ਬਦਲਣ ਤੋਂ ਸਿਵਾਏ ਕੁਝ ਨਾ ਕਰ ਸਕੀ। ਇਹ ਵਰਗ ਮੰਨ ਕੇ ਚੱਲ ਰਿਹਾ ਹੈ ਕਿ ਅਫ਼ਗਾਨਿਸਤਾਨ ’ਚ ਅਮਰੀਕਾ ਦੀ ਜਗ੍ਹਾ ਲੈ ਰਹੇ ਚੀਨ ਦੀ ਉਸ ਯੋਜਨਾ ਨੂੰ ਨਵੀਂ ਰਫ਼ਤਾਰ ਮਿਲਣ ਜਾ ਰਹੀ ਹੈ, ਜਿਸ ਤਹਿਤ ਚੀਨੀ ਸਰਕਾਰ ਪਾਕਿਸਤਾਨ, ਰੂਸ ਤੇ ਈਰਾਨ ਨਾਲ ਮਿਲ ਕੇ ਅਮਰੀਕਾ, ਭਾਰਤ, ਆਸਟ੍ਰੇਲੀਆ ਤੇ ਜਾਪਾਨ ਦੇ ‘ਕਵਾਡ’ ਦੇ ਮੁਕਾਬਲੇ ਆਪਣਾ ਨਵਾਂ ‘ਕਵਾਡ’ ਬਣਾਉਣ ਲਈ ਬੇਤਾਬ ਸੀ।

ਭਾਰਤ ਲਈ ਨਿਰਾਸ਼ਾ ਭਰੀਆਂ ਭਵਿੱਖਬਾਣੀਆਂ ਕਰਨ ਵਾਲਿਆਂ ਦਾ ਇਹ ਵੀ ਮੰਨਣਾ ਹੈ ਕਿ ਦੱਖਣੀ ਏਸ਼ੀਆ ਦੇ ਨਵੇਂ ਸਮੀਕਰਨਾਂ ’ਚ ਹੁਣ ਈਰਾਨ ਤੇ ਰੂਸ ਨਾਲ ਭਾਰਤ ਦੇ ਰਿਸ਼ਤੇ ਪਹਿਲਾਂ ਦੀ ਤਰ੍ਹਾਂ ਭਰੋਸੇਮੰਦ ਨਹੀਂ ਰਹਿਣਗੇ ਪਰ ਅਫ਼ਗਾਨਿਸਤਾਨ ’ਚ ਅਮਰੀਕਾ ਦੀ ਜਗ੍ਹਾ ਚੀਨ ਤੇ ਪਾਕਿਸਤਾਨ ਦੀ ਸਾਂਝੀ ਮੌਜੂਦਗੀ ਨੂੰ ਭਾਰਤ ਦੀ ਹਾਰ ਦੱਸਣ ਵਾਲੇ ਲੋਕਾਂ ਦੀ ਇਹ ਖ਼ੁਸ਼ੀ ਬਹੁਤ ਲੰਬੀ ਚੱਲਣ ਵਾਲੀ ਨਹੀਂ ਹੈ।

ਅਫ਼ਗਾਨਿਸਤਾਨ ’ਚ ਚੀਨ ਦੀ ਨਵੀਂ ਭੂਮਿਕਾ ਚੀਨ ਲਈ ਸ਼ਾਇਦ ਉਸ ਤੋਂ ਵੀ ਵੱਡਾ ਜੰਜਾਲ ਸਾਬਿਤ ਹੋਣ ਜਾ ਰਹੀ ਹੈ, ਜਿਸ ’ਚ ਪਹਿਲਾਂ ਸੋਵੀਅਤ ਸੰਘ ਅਤੇ ਬਾਅਦ ’ਚ ਅਮਰੀਕਾ ਉਲਝ ਚੁੱਕੇ ਹਨ। ਫ਼ਿਲਹਾਲ ਤਾਂ ਚੀਨ ਅਫ਼ਗਾਨਿਸਤਾਨ ਦੇ ਅਣਗਿਣਤ ਖਣਿਜ ਭੰਡਾਰਾਂ ਤੇ ਆਪਣੇ ਉਪਨਿਵੇਸ਼ਵਾਦੀ ਪ੍ਰਾਜੈਕਟ ਬੈਲਟ ਐਂਡ ਰੋਡ ਦੇ ਨਵੇਂ ਵਿਸਤਾਰ ਦੀਆਂ ਸੰਭਾਵਨਾਵਾਂ ਤੋਂ ਖ਼ੁਸ਼ ਦਿਸ ਰਿਹਾ ਹੈ ਪਰ ਉਹ ਇਸਲਾਮ ਦੇ ਉਸ ਕੱਟੜਪੰਥੀ ਰੂਪ ਤੋਂ ਇਕਦਮ ਅਣਜਾਣ ਹੈ, ਜੋ ਚੀਨ ਅੰਦਰ ਕਮਿਊਨਿਸਟ ਸ਼ਾਸਨ ਤੇ ਤਾਨਾਸ਼ਾਹੀ ਵਿਵਸਥਾ ਲਈ ਭਿਅੰਕਰ ਖ਼ਤਰਾ ਬਣਨ ਵਾਲਾ ਹੈ।

ਚੀਨੀ ਆਗੂ ਇਹ ਭੁੱਲ ਰਹੇ ਹਨ ਕਿ 1949 ’ਚ ਛੋਟੀ ਜਿਹੀ ਆਬਾਦੀ ਵਾਲੇ ਮੁਸਲਿਮ ਦੇਸ਼ ਈਸਟ-ਤੁਰਕਿਸਤਾਨ (ਚੀਨੀ ਨਾਂ ਸ਼ਿਨਜਿਆਂਗ) ’ਤੇ ਕਬਜ਼ਾ ਕਰਨ ਤੋਂ 72 ਸਾਲ ਬਾਅਦ ਵੀ ਉਹ ਉਸ ਨੂੰ ਹਜ਼ਮ ਨਹੀਂ ਕਰ ਸਕੇ ਤੇ ਸ਼ਿਨਜਿਆਂਗ ਉਨ੍ਹਾਂ ਲਈ ਅੱਜ ਵੀ ਭਾਰੀ ਸਿਰਦਰਦੀ ਬਣਿਆ ਹੋਇਆ ਹੈ। ਚੀਨ ਨੂੰ ਬਹੁਤ ਛੇਤੀ ਪਤਾ ਲੱਗ ਜਾਵੇਗਾ ਕਿ ਭ੍ਰਿਸ਼ਟ ਤੇ ਅੱਖੜ ਤਾਲਿਬਾਨ ਨੇਤਾਵਾਂ ਦੀ ਇਕ ਜਮਾਤ ਨੂੰ ਸਾਧ ਲੈਣ ਤੋਂ ਬਾਅਦ ਵੀ ਉਹ ਸ਼ਿਨਜਿਆਂਗ ਦੇ ਬਿਲਕੁਲ ਨਾਲ ਲੱਗਦੇ ਅਫ਼ਗਾਨਿਸਤਾਨ ’ਚ ਇਸਲਾਮੀ ਅੱਤਵਾਦੀ ਜਥੇਬੰਦੀਆਂ ਨੂੰ ਕਦੇ ਪਾਲਤੂ ਨਹੀਂ ਬਣਾ ਸਕਦਾ। ਇਤਿਹਾਸ ਦੱਸਦਾ ਹੈ ਕਿ ਇਹ ਜਥੇਬੰਦੀਆਂ ਖ਼ੁਦ ਨੂੰ ਇਕ-ਦੂਜੇ ਤੋਂ ਜ਼ਿਆਦਾ ਸ਼ੁੱਧ ਮੁਸਲਿਮ ਸਿੱਧ ਕਰਨ ਦੀ ਹੋੜ ’ਚ ਸਮੁੱਚੇ ਸ਼ਿਨਜਿਆਂਗ ਨੂੰ ਅੱਗ ਦੇ ਭਾਂਬੜ ’ਚ ਬਦਲਣ ਦੀ ਹੈਸੀਅਤ ਰੱਖਦੀਆਂ ਹਨ।

ਦੂਜੇ ਪਾਸੇ ਪਾਕਿਸਤਾਨ ’ਚ ਕੁਝ ਲੋਕ ਹੁਣੇ ਤੋਂ ਮੰਨਣ ਲੱਗੇ ਹਨ ਕਿ ਅਫ਼ਗਾਨਿਸਤਾਨ ’ਤੇ ਤਾਲਿਬਾਨੀ ਕਬਜ਼ੇ ਤੋਂ ਬਾਅਦ ਇਸਲਾਮੀ ਜੇਹਾਦ ਛੇਤੀ ਹੀ ਪਾਕਿਸਤਾਨ ’ਚ ਵੀ ਜ਼ੋਰ ਫੜੇਗਾ। ਇਸ ਨਾਲ ਰੂਸ ਤੇ ਈਰਾਨ ਸਾਹਮਣੇ ਵੱਡੀ ਚਿੰਤਾ ਖੜ੍ਹੀ ਹੋ ਗਈ ਹੈ। ਉਨ੍ਹਾਂ ਦੇ ਦਰ ’ਤੇ ਕੱਟੜ ਤੇ ਹਿੰਸਕ ਇਸਲਾਮ ਦੀ ਨਵੀਂ ਮੌਜੂਦਗੀ ਨਾਲ ਉਨ੍ਹਾਂ ਦੇ ਅੰਦਰੂਨੀ ਸਮੀਕਰਨ ਗੜਬੜਾਉਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਆਲਮ ਇਹ ਹੈ ਕਿ ਈਰਾਨ ਤੇ ਰੂਸ ਦੀ ਬਗਲ ’ਚ ਵਸੇ ਅਫ਼ਗਾਨਿਸਤਾਨ ’ਚ ਚੀਨ ਦੀ ਦਾਦਾਗਿਰੀ ਵਾਲੀ ਮੌਜੂਦਗੀ ਉਨ੍ਹਾਂ ਲਈ ਇਕ ਗੰਭੀਰ ਚੁਣੌਤੀ ਬਣਨ ਜਾ ਰਹੀ ਹੈ। ਰੂਸ ਤਾਂ ਚੀਨੀ ਦੁਸ਼ਮਣੀ ਦਾ ਸਵਾਦ ਕਈ ਵਾਰ ਚੱਖ ਚੁੱਕਿਆ ਹੈ। ਹੁਣ ਵਾਰੀ ਹੈ ਅਮਰੀਕਾ ਦੀਆਂ ਨਵੀਆਂ ਸਮਰੱਥਾਵਾਂ ਦੀ ਜੋ ਵਿਦੇਸ਼ੀ ਭੂਮੀ ’ਤੇ ਆਪਣੇ ਫ਼ੌਜੀਆਂ ਦੀ ਸ਼ਹਾਦਤ ਦੇ ਖ਼ੌਫ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਿਆ ਹੈ। ਅਫ਼ਗਾਨਿਸਤਾਨ ’ਚੋਂ ਨਿਕਲਣ ਤੋਂ ਬਾਅਦ ਅਮਰੀਕਾ ਨੂੰ ਆਪਣੇ ਪੈਸੇ, ਹਥਿਆਰਾਂ ਤੇ ਖ਼ੁਫ਼ੀਆ ਤੰਤਰ ਦੇ ਬਲਬੂਤੇ ਹਰ ਕਿਸੇ ਦੀ ਖੇਡ ਵਿਗਾੜ ਸਕਣ ਦੀ ਜੋ ਨਵੀਂ ਸਮਰੱਥਾ ਮਿਲ ਗਈ ਹੈ, ਉਸ ਦੀ ਕਲਪਨਾ ਚੀਨ, ਰੂਸ ਅਤੇ ਈਰਾਨ ਨੂੰ ਹੁਣੇ ਤੋਂ ਕਰ ਲੈਣੀ ਹੋਵੇਗੀ।

ਅਫ਼ਗਾਨਿਸਤਾਨ ’ਚ ਬਦਲੇ ਮਾਹੌਲ ਤੇ ਇੱਥੇ ਚੀਨ ਦੇ ਵਧੇ ਦਬਦਬੇ ਨੇ ਭਾਰਤ ਲਈ ਜੇ ਨਵੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ ਤਾਂ ਕਈ ਨਵੀਆਂ ਸੰਭਾਵਨਾਵਾਂ ਵੀ ਜਗਾਈਆਂ ਹਨ। ਇਕ ਤਾਂ ਅਮਰੀਕਾ ਦੇ ਅਚਾਨਕ ਭੱਜ ਖੜ੍ਹੇ ਹੋਣ ਨਾਲ ਭਾਰਤ ਨੂੰ ਅਮਰੀਕਾ ਦੇ ਪੱਲੂ ’ਚ ਬੰਨ੍ਹੇ ਰਹਿਣ ਦੀ ਮਜਬੂਰੀ ਤੋਂ ਮੁਕਤੀ ਮਿਲ ਗਈ ਹੈ। ਨਵੇਂ ਸਮੀਕਰਨਾਂ ’ਚ ਹੁਣ ਉਹ ਈਰਾਨ ਤੇ ਰੂਸ ਨਾਲ ਰਿਸ਼ਤਿਆਂ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰ ਸਕਦਾ ਹੈ ਕਿਉਂਕਿ ਨਾ ਸਿਰਫ਼ ਇਨ੍ਹਾਂ ਦੋਵੇਂ ਦੇਸ਼ਾਂ ਲਈ ਸਗੋਂ ਖ਼ੁਦ ਅਮਰੀਕਾ ਲਈ ਵੀ ਹੁਣ ਭਾਰਤ ਦਾ ਮਹੱਤਵ ਪਹਿਲਾਂ ਨਾਲੋਂ ਜ਼ਿਆਦਾ ਵਧਣ ਵਾਲਾ ਹੈ। ਇਸਲਾਮਿਕ ਅੱਤਵਾਦ ਦੀਆਂ ਉਲਝਣਾਂ ’ਚ ਚੀਨ ਦੇ ਉਲਝਣ ਦਾ ਖਦਸ਼ਾ ਵੀ ਹੁਣ ਉਸ ਦੀ ਹੈਂਕੜ ਨੂੰ ਘੱਟ ਹੀ ਕਰੇਗਾ। ਖ਼ੁਦ ਅਫ਼ਗਾਨਿਸਤਾਨ ਅੰਦਰ ਪਿਛਲੇ ਵੀਹ ਸਾਲਾਂ ’ਚ ਭਾਰਤ ਨੇ ਜਿਸ ਤਰ੍ਹਾਂ ਵਿਕਾਸ ਤੇ ਸਹਿਯੋਗ ਦੇ ਬਲਬੂਤੇ ਆਪਣਾ ਦੋਸਤਾਨਾ ਅਕਸ ਬਣਾਇਆ ਹੈ, ਉਹ ਸਿਰਫ਼ ਆਮ ਅਫ਼ਗਾਨਾਂ ਦੇ ਹੀ ਮਨ ’ਚ ਨਹੀਂ ਸਗੋਂ ਤਾਲਿਬਾਨ ਦੇ ਦਿਲਾਂ ’ਚ ਵੀ ਭਾਰਤ ਲਈ ਆਪਣੇ ਦਰਵਾਜ਼ੇ ਖੋਲ੍ਹੇਗਾ। ਜਿੱਥੋਂ ਤਕ ਭਾਰਤ ’ਚ ਮੋਦੀ -ਵਿਰੋਧ ਤੇ ਭਾਰਤ-ਵਿਰੋਧ ਦੇ ਬੁਖ਼ਾਰ ’ਚ ਤਪੇ ਹੋਏ ਲੋਕਾਂ ਦੀ ਗੱਲ ਹੈ ਤਾਂ ਉਨ੍ਹਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਾਰੇ ਉਕਸਾਵਿਆਂ ਦੇ ਬਾਵਜੂਦ ਮੋਦੀ ਸਰਕਾਰ ਆਪਣੇ ਹਜ਼ਾਰਾਂ ਲੋਕਾਂ ਨੂੰ ਸੁਰੱਖਿਅਤ ਲਿਆਉਣ ’ਚ ਕਾਮਯਾਬ ਰਹੀ ਹੈ। ਏਨੇ ਤਣਾਅ ਭਰੇ ਮਾਹੌਲ ’ਚ ਇਹ ਸਫਲਤਾ ਦਿਖਾਉਂਦੀ ਹੈ ਕਿ ਅਫ਼ਗਾਨਿਸਤਾਨ ’ਚ ਹੋਈਆਂ ਤਬਦੀਲੀਆਂ ਨੇ ਜੇ ਭਾਰਤ ਦੇ ਸਾਹਮਣੇ ਕਈ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ ਤਾਂ ਏਸ਼ੀਆ ’ਚ ਇਕ ਨਵੀਂ ਸ਼ਕਤੀ ਬਣ ਕੇ ਉੱਭਰਨ ਦੇ ਨਵੇਂ ਮੌਕੇ ਵੀ ਪੈਦਾ ਕਰ ਦਿੱਤੇ ਹਨ।








## ਸੰਜੀਵ ਆਨੰਦ ਦੇ ਅੰਦਰ ਇੱਕ ਬਹੁਤ ਸੂਖਮ ਤੇ ਸੰਜੀਦਾ ਸ਼ਾਇਰ ਬੈਠੈ

ਸੰਜੀਵ ਆਨੰਦ ਬਹੁਤ ਵੱਡਾ ਬੰਦੈ, ਉਹ ਦਿੱਲੀ ਦਾ ਵੱਡਾ ਵਿਉਪਾਰੀ ਵੀ ਐ।ਪੰਜਾਬੀ ਸੰਗੀਤ 'ਚ ਉਹਦਾ ਖੇਤਰ ਗੁਰਦਾਸ ਮਾਨ, ਦਲੇਰ ਮਹਿੰਦੀ, ਸਰਦੂਲ ਸਿਕੰਦਰ ਤੇ ਮੀਕਾ ਜਿਹੀਆਂ ਹਸਤੀਆਂ ਨੇ,ਜਿੱਥੇ ਜਾ ਕੇ ਮੇਰੇ ਵਰਗੇ ਛੋਟੇ ਬੰਦੇ ਦੀ ਪਹੁੰਚ ਖਤਮ ਹੋ ਜਾਂਦੀ ਐ, ਉੱਥੋਂ ਸੰਜੀਵ ਆਨੰਦ ਦੀ ਸ਼ੁਰੂਆਤ ਈ ਹੁੰਦੀ ਐ।

ਪਰ ਸੰਜੀਵ ਆਨੰਦ ਦੇ ਅੰਦਰ ਇੱਕ ਬਹੁਤ ਸੂਖਮ ਤੇ ਸੰਜੀਦਾ ਸ਼ਾਇਰ ਬੈਠੈ, ਤੇ ਉਹ ਵੀ ਠੇਠ ਪੰਜਾਬੀ ਦਾ, ਉਸ ਵਿਚਲਾ ਸ਼ਾਇਰ ਈਉਹਦੀ ਤੇ ਮੇਰੀ ਯਾਰੀ ਦਾ ਵਿਚੋਲਾ ਐ। ਕਈ ਵਾਰੀ ਤਾਂ ਘੰਟਾ ਘੰਟਾ, ਡੇਢ ਡੇਢ ਘੰਟਾ ਮਤਲਬ ਜਿੱਥੇ ਸਮਾਂ ਸੀਮਾਂ ਖਤਮ ਹੁੰਦੀ ਉੱਥੋਂ ਤੱਕ ਵੀ ਸਾਡੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਨੇ , ਉਂਜ ਮੈਂ ਉਹਦੇ ਕਿਸੇ ਪਾਸਕ 'ਚ ਵੀ ਨਹੀਂ।

ਅੱਜ ਪੂਰੀ ਦੁਨੀਆਂ ਤੇ ਜੋ ਹਾਲਾਤ ਬਣ ਚੁੱਕੇ ਨੇ ਉਹਦੇ ਬਾਰੇ ਕਾਫੀ ਲੰਮੀ ਵਾਰਤਾਲਾਪ ਹੋਈ ਤਾਂ ਸੰਜੀਵ ਦੇ ਮੂੰਹੋਂ ਅਚਨਚੇਤ ਇੱਕ ਗੱਲ ਨਿੱਕਲੀ ਕਿ "ਅਸ਼ੋਕ ਗਲਤੀ ਹੋ ਗਈ ਤੇ ਗਲਤੀ ਕੀਤੀ ਗਈ ਐ। ਇਹਨਾਂ ਦੋਵੇਂ ਗੱਲਾਂ 'ਚ ਬਾਹਲਾ ਅੰਤਰ ਐ



ਹੋ ਗਈ ਦੀ ਮੁਆਫੀ ਮਿਲ ਸਕਦੀ ਐ, ਕੀਤੀ ਗਈ ਦੀ ਮੁਆਫੀ ਕਦੇ ਨਹੀਂ ਮਿਲ ਸਕਦੀ"। ਉਸਦਾ ਕਹਿਣ ਦਾ ਭਾਵ ਸੀ ਕਿ ਅਸੀਂ ਕੁਦਰਤ ਨਾਲ ਜਾਣ ਬੁੱਝ ਕਿ ਐਨੀ ਕੁ ਛੇੜ ਛਾੜ ਕਰ ਲਈ, ਜਿਸਦੀ ਮੁਆਫੀ ਮਿਲਣੀ ਮੁਸ਼ਕਿਲ ਲੱਗਦੀ ਐ"ਆਹ ਅੱਜ ਈ, ਅੱਜ ਦੇ ਤਾਜਾ ਹਾਲਾਤ ਤੇ ਉਸਨੇ ਆਪਣੇ ਜ਼ੁਬਾਨੀ ਆਪਣੀਆਂ ਈ ਚੰਦ ਸਤਰਾਂ ਬੋਲੀਆਂ ਨੇ ਜਰਾ ਸੁਣਿ–

"ਸੋਚ ਰਿਹਾਂ
ਕਿਉਂ ਸੁਰ ਵਿੱਚ ਵਜਦਾ ਵਜਦਾ
'ਬੇਸੁਰ' ਸਾਜ਼ ਹੋ ਗਿਆ ?
ਸੋਚ ਰਿਹਾਂ
ਕਿਉਂ ਸਾਰੇ ਜੱਗ ਤੋਂ ਇੱਕ ਦਮ ਰੱਬ
ਨਾਰਾਜ਼ ਹੋ ਗਿਆ ?
ਸੋਚ ਰਿਹਾਂ
ਇਹ ਕਿਧਰੇ ਸਾਡੇ ਵਧਦੇ ਪਾਪ ਦਾ
ਭਾਰ ਤੇ ਨਹੀਂ ਏ ?
ਸੋਚ ਰਿਹਾਂ
ਇਹ ਬਹੁਤ ਸਿਆਣੀ
ਅਕਲ ਦੀ ਕਿਧਰੇ ਮਾਰ ਤੇ ਨਹੀਂ ਏ ?
ਜਿਹੜੀ ਉਹਨੇ ਸੌ ਬਾਤਾਂ ਦੀ
ਇੱਕੋ ਬਾਤ 'ਚ ਬਾਤ ਮੁਕਾਤੀ
ਐਂਵੇ ਈ ਉਡਦਾ ਫਿਰਦੈ ਬੰਦਾ
ਬੰਦੇ ਨੂੰ –ਕਾਤ ਦਿਖਾਤੀ
ਅਜੇ ਵੀ ਮੰਨ ਜਾ
ਭੁੱਲ ਬਖਸ਼ਾ ਲੈ
ਕਹਿ ਕੇ ਬੱਸ ਐਨੀ ਹੀ ਗੱਲ
ਤੂੰਹੀ– ਈ ਜੇ ਮੁਸ਼ਕਿਲ ਦਿੱਤੀ
ਤੂੰਹੀ– ਹੁਣ ਕੱਢਣਾ ਏ ਹੱਲ"

# ਵੱਡੇ ਬੰਦੇ ਵੱਡੇ ਈ ਹੁੰਦੇ ਐ



ਬਾਬੂ ਸਿੰਘ ਮਾਨ ਦਾ ਗੀਤਕਾਰੀ ਵਿੱਚ ਹੋਰ ਕੋਈ ਸਾਨੀ ਨਹੀਂ, ਉਹਨਾਂ ਦੀ ਕਲਮ ਚੋਂ ਨਿਕਲਿਆ ਇੱਕ ਇੱਕ ਗੀਤ ਪੰਜਾਬੀਆਂ ਲਈ ਗਹਿਣਿਆਂ ਵਾਂਗੂ ਕੀਮਤੀ ਵੀ ਐ ਤੇ ਪੰਜਾਬੀ ਦਾ ਸ਼ਿੰਗਾਰ ਵੀ, ਮਾਨ ਦੇ ਘੜੇ ਗਹਿਣਿਆਂ 'ਚ ਕੋਈ ਨੁਕਸ ਨਹੀਂ ਕੱਢ ਸਕਦਾ, ਬੜੀ ਖੁਸ਼ੀ ਹੁੰਦੀ ਐ ਖੁਸ਼ੀ ਹੀ ਨਹੀਂ ਬਲਕਿ ਕਿਸੇ ਹੋਰ ਹੀ ਦੁਨੀਆਂ ਵਿੱਚ ਚਲਾ ਜਾਣਾਂ ਹਾਂ ਜਦੋਂ ਕਦੇ ਮਾਨ ਸਾਹਿਬ ਮੈਨੂੰ ਸੁੱਤੇ ਪਏ ਨੂੰ ਸਵੇਰੇ ਸਵੇਰੇ ਫੋਨ ਕਰਕੇ ਕਹਿੰਦੇ ਹਨ

"– ਬਾਂਸਲ ਹਾਲੇ ਸੁੱਤਾ ਈ ਪਿਐਂ "

ਨਹੀਂ ਜੀ ਜਾਗਦਾ ਆਂ, ਫੋਨ ਦੀ ਸਕਰੀਨ ਤੇ ਉਹਨਾਂ ਦਾ ਨਾਮ ਪੜ੍ਹ ਕੇ ਚਾਹ ਤੋਂ ਵੱਧ ਨਸ਼ਾ ਤਾਂ ਉਂਈਂ ਹੋ ਜਾਂਦੈ "ਲੈ ਫੇਰ ਅੱਜ ਸਦੇਹਾਂ ਈ ਮੇਰੀ ਅੱਖ ਖੁੱਲ੍ਹਗੀ, ਤੇ ਫੇਰ ਮੂੰਹ ਨ੍ਹੇਰੇ ਈ ਗੱਲ ਆਈ ਐ, ਹੈ ਤਾਂ ਹਾਲੇ ਕੱਚੀ ਜੀ, ਪਲਾਟ ਜਿਆ ਬਣ ਗਿਆ, ਲੈ ਸੁਣ "ਇਹ ਲੱਗਭੱਗ ਦੂਜੇ ਚੌਥੇ ਦਿਨ ਈ ਹੁੰਦੈ, ਪਰ ਅੱਜ ਜੋ ਸਵੇਰੇ ਸਵੇਰੇ ਉਹਨਾਂ ਨੇ ਮੈਨੂੰ ਸੁਣਾਇਆ ਭਾਵੇਂ ਉਹ ਉਸਨੂੰ ਕੱਚਾ ਈ ਕਹਿ ਰਹੇ ਸੀ, ਮੈਨੂੰ ਤਾਂ ਕੱਚੇ ਪੱਕੇ ਦੀ ਪਰਖ ਨਹੀਂ, ਆਹ ਫੇਸਬੁੱਕ ਸੱਥ ਵਾਲਿਆਂ ਨੂੰ ਜਰੂਰ ਸੁਣਾਵਾਂਗਾ, ਉਹਨਾਂ ਦੀ ਇਜਾਜਤ ਤੋਂ ਬਿਨਾਂ ਈਮਾਨ ਤੇ ਮੈਨੂੰ ਵੀ ਮਾਣ ਐ ਕਿ ਉਹ ਮੇਰੇ ਨਾਲ ਨਾਰਾਜ਼ ਨਹੀਂ ਹੋਣਗੇ ।

ਦੀਵੇ ਹੇਠ ਹਨੇਰਾ ਲੁਕਿਆ ਬੈਠਾ ਏ
ਵੇਖੇ ਚਾਰ ਚੁਫੇਰਾ ਲੁਕਿਆ ਬੈਠਾ ਏ

ਸਾਰਾ ਲੁੱਟ ਦਾ ਮਾਲ ਬਰਾਮਦ ਕਰ ਲੀਤਾ
ਮੋਹਰਾਂ ਲਾ ਕੇ ਥੈਲਿਆਂ ਦੇ ਵਿੱਚ ਭਰ ਲੀਤਾ
ਕੀ ਕਰੀਏ, ਪਰ ਹੇਠ ਕਾਨੂੰਨ ਦੀ ਕੁਰਸੀ ਦੇ
ਸਭ ਤੋਂ ਵੱਡਾ ਲੁਟੇਰਾ, ਲੁਕਿਆ ਬੈਠਾ ਏ।

ਛੱਡ ਪਰ੍ਹਾਂ ਮਖ ਕਿਉਂ ਚੱਕਰਾਂ ਵਿੱਚ ਪੈਣਾ ਏ
ਜੋ ਕਿਸਮਤ ਵਿੱਚ ਲਿਖਿਆ, ਮਿਲ ਕੇ ਰਹਿਣਾ ਏ
ਸੱਚ ਪੁੱਛੋਂ ਤਾਂ ਕਿਸਮਤ ਕੀ ਏ ? "ਕੁੱਝ ਵੀ ਨਹੀਂ "
ਪੈਰਾਂ ਹੇਠ ਬਟੇਰਾ ਲੁਕਿਆ ਬੈਠਾ ਏ

ਜਿੱਥੇ ਜਿੱਥੇ ਰੋਜ ਚੜ੍ਹਾਵੇ ਚੜ੍ਹਦੇ ਨੇ
ਲੋਕ ਜਿੱਥੇ ਪ੍ਰਧਾਨਗੀਆਂ ਲਈ ਲੜਦੇ ਨੇ
ਫ਼ਨ ਫੈਲਾ ਕੇ ਬੈਠੇ ਨੇ ਸੱਪ ਮਾਇਆ ਤੇ
ਸੱਪਾਂ ਮਗਰ ਸਪੇਰਾ ਲੁਕਿਆ ਬੈਠਾ ਏ
ਸਾਨੂੰ ਜਿਹੜਾ ਆਪਸ ਵਿੱਚ ਲੜਾਉਂਦਾ ਏ
ਤੈਨੂੰ ਮੈਨੂੰ ਕਿਉਂ ਨਜ਼ਰੀਂ ਨਹੀਂ ਆਉਂਦਾ ਏ
'ਮਾਨ' ਪਤੰਦਰ ਤੇਰੇ ਮੇਰੇ ਅੰਦਰ ਹੀ
ਦੁਸ਼ਮਣ ਤੇਰਾ ਮੇਰਾ ਲੁਕਿਆ ਬੈਠਾ ਏ

ਮੈਨੂੰ ਤਾਂ ਲੱਗਿਆ ਨਹੀਂ ਕਿ ਇਹ ਲਿਖਤ ਕੱਚੀ ਐ, ਮੈਨੂੰ ਤਾਂ ਸੰਤ ਰਾਮ ਉਦਾਸੀ, ਅਵਤਾਰ ਪਾਸ਼, ਬਾਬਾ ਨਜ਼ਮੀ ਨਜ਼ਰ ਆ ਗਏ, ਬਾਕੀ ਤੁਸੀਂ ਜਾਣੋਂ ਜਾਂ ਖੁਦ ਮਾਨ ਸਾਹਿਬ




# ਅਨਘੜ ਪੱਥਰ ਕਈ ਸੱਟਾਂ ਖਾ ਕੇ ਮੂਰਤੀ ਰੂਪ ਭਗਵਾਨ ਬਣਦਾ ਹੈ

ਐਮ ਏ ਕਰਦਿਆਂ ਇੱਕ ਦਿਨ ਮੇਰੇ ਟੀਚਰ ਦਲੀਪ ਕੌਰ ਟਿਵਾਣਾ ਨੇ ਆਪਣਾ ਲੈਕਚਰ ਸ਼ੁਰੂ ਕਰਨ ਤੋਂ ਪਹਿਲਾਂ ਸਾਨੂੰ ਸਵਾਲ ਪਾਇਆ,'ਭਲਾ ਦੱਸੋ ਖ਼ਾਂ ਆਹ ਕਾਰਡ ਤੇ ਲਿਖੀ ਸਤਰ ਦਾ ਕੀ ਅਰਥ ਹੈ' ? ਉਨ੍ਹਾਂ ਦੇ ਹੱਥ ਵਿੱਚ ਕਿਸੇ ਦੇ ਭੋਗ ਦਾ ਕਾਰਡ ਸੀ ਜਿਸ ਉਪਰ ਲਿਖਿਆ ਸੀ, 'ਘੱਲੇ ਆਵੈ ਨਾਨਕਾ ਸੱਦੇ ਉੱਠੀ ਜਾਏ'। ਸਾਡੇ ਵਿੱਚੋਂ ਬਹੁਤਿਆਂ ਨੇ ਇਸ ਦਾ ਸਰਲ ਅਰਥ ਦੱਸਿਆ ਕਿ ਰੱਬ ਨੇ ਜਦ ਭੇਜਿਆ ਤਾਂ ਆ ਗੇ, ਜਦ ਬੁਲਾਵਾ ਆਇਗਾ ਵਾਪਸ ਚਲੇ ਜਾਵਾਂਗੇ। ਆਮ ਤੌਰ ਤੇ ਭੋਗ ਸਮੇ ਤਾਬਿਆ ਬੈਠੇ ਭਾਈ ਜੀ ਸੋਗੀ ਮਾਹੌਲ ਸਿਰਜਦੇ ਇਹ ਅਰਥ ਹੀ ਪਸਾਰਦੇ ਹਨ ਕਿ ਇਹ ਦਿਸਦਾ ਜਗਤ ਬੇ–ਅਰਥ ਜਾਂ ਨਾਸ਼ਵਾਨ ਹੈ। ਆਉਂਦੇ ਜਾਂਦੇ ਸਾਹਾਂ ਦੇ ਹਵਾਲੇ ਨਾਲ ਉਹ ਇਸ ਜਗਤ ਤੋਂ ਵਾਹ ਲੱਗਦੀ ਮੁੱਖ ਮੋੜਨ ਦੀ ਬਾਤ ਪਾਉਂਦੇ ਲਗਦੇ ਹਨ। ਪਰ ਮੈਡਮ ਨੇ ਦੱਸਿਆ ਕਿ ਗੱਲ ਏਥੇ ਹੀ ਨਹੀਂ ਮੁੱਕਦੀ, ਇਸ ਦਾ ਅਰਥ ਹੈ ਕਿ ਬੱਸ ਦੋ ਹੀ ਗੱਲਾਂ ਸਾਡੇ ਹੱਥ–ਵੱਸ ਨਹੀਂ ਹਨ–ਜਨਮ ਲੈਣਾ ਅਤੇ ਮਰ ਜਾਣਾ, ਬਾਕੀ ਸਾਰੀ ਜ਼ਿੰਦਗੀ ਅਸੀਂ ਆਪ ਵਾਹੁਣੀ, ਬੀਜਣੀ, ਵੱਢਣੀ, ਸੰਵਾਰਨੀ, ਉਸਾਰਨੀ ਅਤੇ ਸੰਵਾਰਨੀ ਹੁੰਦੀ ਹੈ। ਇਸੇ ਲਈ ਇਸ ਧਰਤੀ ਨੂੰ ਧਰਮਸਾਲ ਜਾਂ ਕਰਮ ਭੂਮੀ ਕਿਹਾ ਗਿਆ ਹੈ। ਇਉਂ ਢੇਰੀ ਢਾਹ ਕੇ ਬੈਠਣ ਵਾਲੀ ਨਾਸ਼ਵਾਨਤਾ ਦੇ ਅਰਥ ਨੂੰ ਸਜੀਵ ਕਰ ਕੇ ਹੋਰ ਰੁੱਖ ਕਰ ਦਿੱਤਾ। ਜ਼ਿੰਦਗੀ ਦੇ ਵਿਹੜੇ ਨੂੰ ਅਸੀਂ ਆਪਣੀ ਸਮਰੱਥਾ ਨਾਲ ਆਪ ਰੁਸ਼ਨਾਉਣਾ ਹੁੰਦਾ ਹੈ। ਜਿੰਨੀ ਮੁਹਲਤ ਮਿਲੀ ਹੈ ਉਸ ਸਮੇ ਨੂੰ ਮੌਲਦਾ ਤੇ ਵਿਗਸਦਾ ਵੇਖਣ ਲਈ ਨਵੇਂ ਸਿਰੇ ਤੋਂ ਵਿਉਂਤਣਾ ਅਤੇ ਵਰਤਣਾ ਹੈ। ਸਫਲਤਾ ਆਪ ਚੱਲ ਕੇ ਸਾਡੇ ਕੋਲ ਨਹੀਂ ਆਉਂਦੀ, ਅਸੀਂ ਬਿਖੜੇ ਪੈਂਡੇ ਸਰ ਕਰ ਕੇ ਸਫਲਤਾ ਤੱਕ ਅਪੜਨਾ ਹੁੰਦਾ ਹੈ। ਕਹਿੰਦੇ ਹਨ ਅਕਲ ਬਦਾਮ ਖਾ ਕੇ ਨਹੀਂ ਸਗੋਂ ਠੋਕਰਾਂ ਖਾ ਕੇ ਆਉਂਦੀ ਹੈ। ਇੱਕ ਅਨਘੜ ਪੱਥਰ ਕਈ ਸੱਟਾਂ ਖਾ ਕੇ ਮੂਰਤੀ ਰੂਪ ਭਗਵਾਨ ਬਣਦਾ ਹੈ ਤਾਂ ਲੋਕ ਉਸ ਅੱਗੇ ਸਿਜਦਾ ਕਰਦੇ ਹਨ।

ਕਿਹਾ ਜਾਂਦਾ ਹੈ ਅਜਾਈਂ ਗਿਆ ਹਰ ਪਲ ਤੁਹਾਡੀ ਬਰਬਾਦੀ ਵਿੱਚ ਰਲਦਾ ਹੈ। ਲੋਕ ਆਪਣੀ ਜ਼ਿੰਦਗੀ ਨੂੰ ਵਿਉਂਤਦੇ ਹੀ ਪਹਿਲਾਂ ਆਪਣੀ ਮਰਜ਼ੀ ਜਾਂ ਤਾਂ ਮਨਫ਼ੀ ਕਰ ਲੈਂਦੇ ਹਨ ਜਾਂ ਆਪਣੀ ਹੀ ਮਰਜ਼ੀ ਨੂੰ ਮੁੱਖ ਰੱਖਦੇ ਹਨ। ਦੋਵੇਂ ਹੀ ਸਥਿੱਤੀਆਂ ਅਸਾਵੀਂਆਂ ਹਨ। ਮਨੋਵਿਗਿਆਨੀ ਆਖਦੇ ਹਨ– ਆਦਮੀ



ਜੰਮਦਾ ਤਾਂ ਆਜ਼ਾਦ ਹੀ ਹੈ ਪਰ ਜਿਉਂ ਹੀ ਵੱਡਾ ਹੁੰਦਾ ਜਾਂਦਾ ਹੈ ਦੁਆਲੇ ਦੀਆਂ ਜੰਜ਼ੀਰਾਂ ਵਧਦੀਆਂ ਹੀ ਜਾਂਦੀਆਂ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਆਦਮੀ ਆਪਣੀ ਮੈਂ ਦਾ ਬਸ ਇੱਕ ਹਿੱਸਾ ਹੀ ਜਿਉਂਦਾ ਹੈ ਬਾਕੀ ਨੌਂ ਹਿੱਸੇ ਲੋਕਾਂ ਦੇ ਆਖੇ ਲੱਗ ਹੀ ਜਿਉਂ ਜਾਂਦਾ ਹੈ। ਕਈ ਲੋਕ ਛੋਟੇ–ਛੋਟੇ ਸਮਝੌਤਿਆਂ ਨਾਲ ਵੱਡੀਆਂ ਪ੍ਰਾਪਤੀਆਂ ਨੂੰ ਹੱਥ ਪਾਉਂਦੇ ਹਨ ਤੇ ਕਈ ਵੱਡੇ ਸਮਝੌਤੇ ਕਰਦੇ ਜ਼ਮੀਰ ਦੀ ਪੌੜੀ ਉਤਰਦੇ ਬਸ ਲਿਫ਼ਦੇ ਹੀ ਰਹਿ ਜਾਂਦੇ ਹਨ। ਦੋਹਾਂ ਦੇ ਕੋਈ ਵਿਚਾਲੜਾ ਪੁਲ ਲੋੜੀਂਦਾ ਹੈ। ਕਿਹਾ ਜਾਂਦਾ ਹੈ ਹੋਰਨਾਂ ਨਾਲ ਰਿਸ਼ਤੇ ਮਲੂਕ ਪੰਛੀਆਂ ਵਰਗੇ ਹੁੰਦੇ ਹਨ, ਜੇ ਘੁੱਟ ਕੇ ਫੜੋ ਤਾਂ ਮਰ ਜਾਂਦੇ ਹਨ, ਜੇ ਖੁੱਲ੍ਹੇ ਛੱਡੋ ਤਾਂ ਉਡ ਜਾਂਦੇ ਹਨ। ਇਸ ਦੇ ਜਾਂ ਲੈ ਦੇ ਚੱਕਰਾਂ ਵਿੱਚ ਅਸੀਂ ਨਿਹੱਥੇ, ਖਾਲੀ ਅਤੇ ਸੱਖਣੇ ਹੋ ਜਾਂਦੇ ਹਾਂ। ਸੋ ਹੁਣ ਵਿਉਂਤਣ ਸਮੇ ਇਸ ਪੁਲ ਦੀ ਥਾਂ ਵੀ ਰੱਖ ਲੈਣਾ ਜਿੱਥੋਂ ਸਭ ਪਾਸੇ ਆਵਾਜਾਈ ਬਣੀ ਰਹੇ, ਨਹੀਂ ਤਾਂ ਇੱਕ ਧਿਰ ਦੂਜੀ ਨੂੰ ਲਤਾੜਦੀ ਹੈ ਅਤੇ ਸਾਹਾਂ ਦੀ ਮੁਹਲਤ ਪੁੱਗ ਜਾਂਦੀ ਹੈ। ਸਿਰ ਚੜ੍ਹੀ ਹੋਂਦ ਵਾਪਸ ਨਹੀਂ ਹੁੰਦੀ। ਕਿਸੇ ਕਵੀ ਨੇ ਕਿਹਾ ਹੈ–––

ਸਿਰ ਝੁਕਾ5ਗੇ ਤੋ ਪੱਥਰ ਭੀ ਦੇਵਤਾ ਹੋ ਜਾਏਗਾ
ਇਤਨਾ ਮਤ ਚਾਹੋ ਵੋ ਬੇ–ਵਫ਼ਾ ਹੋ ਜਾਏਗਾ।

ਚਲੋ ਇਤਿਹਾਸ ਦੀ ਹਿੱਕ ਤੇ ਪਈਆਂ ਪੈੜਾਂ ਤੋਂ ਸਿੱਖੀਏ। ਮੈਨੂੰ ਅੰਮ੍ਰਿਤਾ ਪ੍ਰੀਤਮ ਦੀ ਗੱਲ ਯਾਦ ਆ ਰਹੀ ਹੈ। ਉਸ ਨੇ ਕਿਸੇ ਇੰਟਰਵਿਊ ਵਿੱਚ ਕਿਹਾ ਸੀ ਕਿ ਮੈਂ ਆਪਣਾ ਦਿਨ ਸ਼ੁਰੂ ਸਵੇਰੇ ਸੂਰਜ ਦੀਆਂ ਪਹਿਲੀਆਂ ਕਿਰਨਾਂ ਨਾਲ ਕਰਦੀ ਹਾਂ ਜਦ ਪੂਰੀ ਖ਼ਲਕਤ ਘੂਕ ਸੁੱਤੀ ਹੁੰਦੀ ਹੈ। ਮੇਰੀ ਸਾਰੀ ਕਮਾਈ ਦੇ ਪਹਿਲੇ ਘੰਟੇ ਹੀ ਮੇਰੀ ਸ਼ੁਹਰਤ ਵਿੱਚ ਸਹਾਈ ਹੁੰਦੇ ਰਹੇ ਹਨ। ਮੈਂ ਜ਼ਿੰਦਗੀ ਦੀ ਰੇਸ ਵਿੱਚ ਉਹੀ ਘੰਟੇ ਜੁਟਾ ਪਾਈ ਹਾਂ ਜਿਨ੍ਹਾਂ ਨਾਲ ਹੋਰਾਂ ਤੋਂ ਅੱਗੇ ਨਿਕਲੀ ਹਾਂ।

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਡਰਾਈਵਰ ਦੇ ਲੱਛਣ ਠੀਕ ਨੀਂ ਲੱਗਦੇ

ਪਟਿਆਲ਼ੇ ਤੋਂ ਅਮ੍ਰਿਤਸਰ ਦਾ ਤਕਰੀਬਨ 500 ਕਿਲੋਮੀਟਰ(ਸਾਰੇ ਪੰਜਾਬ 'ਚੋਂ ਘੁੰਮ ਘੁਮਾਅ ਕੇ) ਦਾ ਸਫ਼ਰ। 70 ਸਾਲ ਦਾ ਡਰਾਈਵਰ ਲੋਕਾਂ ਨੂੰ ਮਿਨਤਾਂ ਕਰਕੇ ਤੇ ਇਹ ਕਹਿਕੇ ਕਿ ਮੇਰਾ ਆਖਰੀ ਚੱਕਰ ਐ ਮੈਂ ਥੋਨੂੰ ਬਹੁਤ ਵਧੀਆ ਯਾਤਰਾ ਕਰਵਾਊਂ ਬੱਸ ਦੀ ਸੀਟ ਤੇ ਬੈਠਿਆ ਤੇ ਬੱਸ ਲੈ ਤੁਰਿਆ।ਸਵਾਰੀਆਂ ਚਾਈਂ ਚਾਈਂ ਸੀਟਾਂ ਤੇ ਬੈਠੀਆਂ। ਜਦੋਂ ਕਲੱਚ ਛੱਡਿਆ ਝਟਕੇ ਤੋਂ ਈ ਦੋ ਚਾਰ ਸਵਾਰੀਆਂ ਨੇਂ ਅੰਦਾਜ਼ਾ ਲਾਇਆ ਕਿ ਇਹ ਡਰਾਈਵਰ ਨੀਂ ਪਾਰ ਲਾਉਂਦਾ। ਉਹਨਾਂ ਨੇਂ ਨਾਲ਼ ਬੈਠਿਆਂ ਨੂੰ ਅਗਾਹ ਕਰਨਾਂ ਚਾਹਿਆ ਪਰ ਕਿਸੇ ਨੇਂ ਗੱਲ ਨਾਂ ਗੌਲ਼ੀ।ਬੱਸ ਦਾ ਕੈਬਿਨ ਏ ਸੀ ਤੇ fully automatic ਹੋਣ ਕਰਕੇ ਸਾਰਾ ਕੰਟਰੋਲ ਡਰਾਈਵਰ ਦੇ ਕੋਲ਼ ਸੀ। ਨਾਂ ਕੋਈ ਕੰਡਕਟਰ ਨਾਂ ਕੋਈ ਖਲਾਸੀ। ਕੁਛ ਸਮਝਦਾਰ ਸਵਾਰੀਆਂ ਘੁਸਰ ਮੁਸਰ ਕਰਦੀਆਂ ਰਹੀਆਂ ਕਿ ਡਰਾਈਵਰ ਦੇ ਲੱਛਣ ਠੀਕ ਨੀਂ ਲੱਗਦੇ ਪਰ ਉਹਨਾਂ ਦੀ ਸੁਣੇਂ ਕੌਣ ? ਡਰਾਈਵਰ ਦੇ headphone ਲੱਗੇ ਹੋਏ ਸੀ ਤੇ ਪਾਕਿਸਤਾਨੀ ਸੰਗੀਤ ਦੀ ਮਸਤੀ 'ਚ ਸਵਾਰੀਆਂ ਦਾ ਰੌਲ਼ਾ ਮੱਦਮ ਹੁੰਦਾ ਗਿਆ।ਥੱਕ ਟੁੱਟ ਕੇ ਸਵਾਰੀਆਂ ਅਪਣੀਆਂ ਅਪਣੀਆਂ ਸੀਟਾਂ ਤੇ ਸੌਂਗੀਆਂ। ਤਕਰੀਬਨ ਅੱਧਾ ਸਫ਼ਰ ਨਿੱਬੜਿਆ ਤੇ ਇੱਕ ਸਲਵਾਰ ਆਲ਼ੀ ਸਵਾਰੀ ਉੱਠੀ ਤੇ ਤਾੜੀਆਂ ਮਾਰਨ ਲੱਗੀ ਲੋਕਾਂ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਡਰਾਈਵਰ ਨੀਂ ਕਿਤੇ ਬੱਸ ਰੋਕਦਾ ਮੈਨੂੰ ਤਾਂ ਲਗਦੈ ਇਹ ਸਾਨੂੰ ਕਿਤੇ ਪਾਕਿਸਤਾਨ ਨੂੰ ਈ ਨਾਂ ਲੈਜੇ।ਲਾਲਾ ਲਾਲਾ ਹੋਈ ਦੋ ਚਾਰ ਹੋਰ ਉੱਠੇ ਤੇ ਰੌਲ਼ਾ ਪਾਉਣ ਲੱਗੇ ਕਿ ਸਾਨੂੰ ਭੁੱਖ ਲੱਗੀ ਐ ਕਿਸੇ ਢਾਬੇ ਤੇ ਰੋਕੋ ਪਰ ਡਰਾਈਵਰ ਨੂੰ ਕਿਸੇ ਦੀ ਭੁੱਖ ਨਾਲ਼ ਕੀ ? ਉਹਦੇ ਕੈਬਨ 'ਚ ਲੱਗੇ ਫ਼ਰਿੱਜ 'ਚ ਚੀਕੂ ਤੇ ਸੀਤਾਫ਼ਲ਼ ਦਾ ਕੋਟਾ ਪੂਰਾ ਸੀ।ਸਵਾਰੀਆਂ ਨੇਂ ਰਾਏ ਕੀਤੀ ਤੇ ਦਿੱਲੀ ਦੇ ਟਰਾਂਸਪੋਰਟਰ ਨੂੰ ਫ਼ੋਨ ਲਾਇਆ ਤੇ ਡਰਾਈਵਰ ਦੀ ਸਾਰੀ ਕਰਤੂਤ ਦੱਸੀ ਪਰ ਟਰਾਂਸਪੋਰਟਰ ਨੇਂ ਅੱਗਿਓਂ ਇਹ ਕਹਿਕੇ ਫ਼ੋਨ ਕੱਟਤਾ ਕਿ ਇਹ ਸਾਡਾ ਸਭ ਤੋਂ ਪੁਰਾਣਾਂ ਤੇ ਵਫ਼ਾਦਾਰ ਬੰਦੈ ਚੁੱਪ ਕਰਕੇ ਸਫ਼ਰ ਕਰੋ ਜਾਂ ਬੱਸ ਚੋਂ ਉੱਤਰਜੋ। ਸਵਾਰੀਆਂ ਫ਼ੇਰ ਚੁੱਪ ਕਰਕੇ ਬੈਠੀਆਂ ਤੇ ਡਰਾਈਵਰ ਅਪਣੀ ਮਸਤੀ 'ਚ ਬੱਸ ਚਲਾਉਂਦਾ ਰਿਹਾ।



ਜਿਉਂ ਜਿਉਂ ਸਫ਼ਰ ਲੰਘਦਾ ਗਿਆ ਤਿਉਂ ਤਿਉਂ ਭੁੱਖੀਆਂ ਪਿਆਸੀਆਂ ਤੇ ਡਰਾਈਵਰ ਤੋਂ ਦੁਖੀ ਸਵਾਰੀਆਂ ਦੀ ਗਿਣਤੀ ਵੀ ਵਧਦੀ ਗਈ। ਤਾੜੀਆਂ ਮਾਰਨ ਆਲ਼ੀ ਸਵਾਰੀ ਨੇਂ ਖੜ੍ਹੀ ਹੋ ਕੇ ਸਾਰਿਆਂ ਤੋਂ ਪੁੱਛਿਆ ਵੀ ਥੋਡੇ 'ਚੋਂ ਕਿਸੇ ਨੂੰ ਬੱਸ ਚਲਾਉਣੀਂ ਆਉਂਦੀ ਐ ? ਤਾਂ ਤਿੰਨ ਚਾਰ ਹੱਥ ਖੜ੍ਹੇ ਹੋਏ ਤੇ ਉਹਨਾਂ ਚੋਂ ਕੋਈ ਕਹੇ ਸਾਡੀ ਬਹੁਤ ਪੁਰਾਣੀ ਟਰਾਂਸਪੋਰਟ ਐ ਮੈਂ ਚਲਾਊਂ, ਕੋਈ ਕਹੇ ਸਾਡੇ ਟਰੱਕ ਟਰਾਲੇ ਨੇਂ ਮੈਂ ਚਲਾਊਂ ਪਰ ਤਜੁਰਬਾ ਕਿਸੇ ਕੋਲ਼ ਨੀਂ ਸੀ।ਤਾਂ ਸਾਰਿਆਂ ਨੇਂ ਰਾਏ ਕੀਤੀ ਕਿ ਆਪਾਂ ਆਪਸ 'ਚ ਲੜਨ ਦੀ ਵਜਾਏ ਟਰਾਂਸਪੋਰਟਰ ਨੂੰ ਇੱਕ ਵਾਰ ਫ਼ੇਰ ਪੁੱਛ ਲਈਏ ਕੀ ਪਤੈ ਮੰਨ ਈ ਜਾਵੇ ਹੁਣ ਤਾਂ ਸਫ਼ਰ ਵੀ ਥੋੜ੍ਹਾ ਈ ਰਹਿ ਗਿਆ।

ਆਪਸੀ ਸਹਿਮਤੀ ਬਣੀਂ ਤੇ ਟਰਾਂਸਪੋਰਟਰ ਨਾਲ਼ ਗੱਲ ਕੀਤੀ ਤੇ ਅੱਗਿਓਂ ਭਲੇ ਵੇਲ਼ੇ ਨੂੰ ਟਰਾਂਸਪੋਰਟਰ ਦਾ ਵੀ ਦਮਾਗ ਕੰਮ ਕਰ ਗਿਆ ਕਿ ਅਜੇ ਚੱਕਰ ਹੋਰ ਵੀ ਲਾਉਣੇਂ ਨੇਂ ਡਰਾਈਵਰ ਦਾ ਕੀ ਐ ਉਹ ਤਾਂ ਕਿਸੇ ਹੋਰ ਕੰਪਨੀ 'ਚ ਵੀ ਕੰਮ ਕਰਲੂ।

ਟਰਾਂਸਪੋਰਟਰ ਨੇਂ ਡਰਾਈਵਰ ਨੂੰ ਫ਼ੋਨ ਕੀਤਾ ਤੇ ਅਗਲੇ ਢਾਬੇ ਤੇ ਬੱਸ ਰੋਕਣ ਲਈ ਕਿਹਾ ਤੇ ਉੱਥੇ ਕੰਪਨੀ ਦੇ ਬੰਦੇ ਭੇਜਕੇ ਮਸਲਾ ਸੁਲਝਾਉਣ ਲਈ ਕਿਹਾ।ਕੰਪਨੀ ਦੇ ਬੰਦੇ ਨੇਂ ਡਰਾਈਵਰ ਬਦਲਨ ਦੀ ਗੱਲ ਕੀਤੀ ਪਹਿਲਾਂ ਤਾਂ ਡਰਾਈਵਰ ਕਹਿਣ ਲੱਗਿਆ ਕਿ ਮੈਂ ਬੱਸ ਦੀਆਂ ਚਾਬੀਆਂ ਨੀਂ ਦੇਣੀਆਂ ਜਦੋਂ ਟਰਾਂਸਪੋਰਟਰ ਨੇਂ ਗਿੱਦੜ ਧਮਕੀ ਦਿੱਤੀ ਤਾਂ ਚਾਬੀਆਂ ਮੇਜ ਤੇ ਰੱਖਕੇ ਮੰਜੇ ਤੇ ਮੂੱਧਾ ਲਿਟ ਗਿਆ।

ਹੁਣ ਵੱਡਾ ਮੁੱਦਾ ਇਹ ਸੀ ਕਿ ਬੱਸ ਚਲਾਊ ਕੌਣ ? ਕੋਈ ਕਹੇ "ਅੱਗੇ ਗੁਰੂ ਕੀ ਨਗਰੀ ਆ ਰਹੀ ਐ ਬੰਦਾ ਪੱਗ ਆਲ਼ਾ ਚਾਹੀਦੈ" ਕੋਈ ਕਹੇ "ਬੰਦਾ ਪੜ੍ਹਿਆ ਲਿਖਿਆ ਲੱਗਣਾਂ ਚਾਹੀਦੈ" ਤਾੜੀਆਂ ਆਲ਼ੀ ਕਹੇ ਮੈਂ ਚਲਾਊਂ ਉਹਨੂੰ ਇੱਕ ਬੰਦਾ ਕਹਿੰਦਾ ਬਹਿਜਾ ਬਹਿਜਾ ਤੈਂ ਤਾਂ ਪਟਿਆਲ਼ੇ ਕਾਰ ਚਲਾਉਂਦੀ ਨੇਂ ਬੰਦਾ ਮਾਰਤਾ ਸੀ ਬੱਸ ਕਿੱਥੋਂ ਚਲਾਲੇਂਗੀ ਅਖੀਰ ਨੂੰ ਕੰਪਨੀ ਦਾ ਬੰਦਾ ਉੱਠਿਆ ਤੇ ਪਿੱਛੇ ਜਿਹੇ ਬੈਠੇ ਇੱਕ ਬੰਦੇ ਨੂੰ ਬਾਹੋਂ ਫੜ ਕੇ ਲੈ ਆਇਆ ਤੇ ਸਭ ਨੂੰ ਕਿਹਾ ਕਿ ਬੱਸ ਇਹ ਬੰਦਾ ਈ ਚਲਾਊ। ਪਰ ਉਹ ਵਿਚਾਰਾ ਡਰਦਾ ਡਰਦਾ ਕਹਿਣ ਲੱਗਿਆ "ਜੀ ਮੈਂ ਤਾਂ ਇੱਕ ਰਿਕਸ਼ਾ ਚਲਾਣੇਂ ਆਲ਼ਾ ਬੰਦਾ ਮੈਂ ਕੀਕਣ ਚਲਾਊਂ ਬੱਸ ?" ਕੰਪਨੀ ਦਾ ਬੰਦਾ ਕਹਿੰਦਾ ਘਬਰਾਓ ਨਾਂ ਥੋਨੂੰ ਨਾਲ਼ ਦੋ ਕੰਡਕਟਰ ਮਿਲ਼ਨਗੇ। ਸਾਰਿਆਂ ਨੇਂ ਸਮਾਂ ਖ਼ਰਾਬ ਨਾਂ ਕਰਦਿਆਂ ਹਾਮੀ ਭਰੀ ਤੇ ਉੱਠ ਖੜ੍ਹੇ ਹੋਏ।ਨਵੇਂ ਤੇ ਅਣਜਾਣ ਡਰਾਈਵਰ ਨੇਂ ਬੱਸ ਅੱਗੇ ਲੱਗੀ ਬਾਬੇ ਦੀ ਫ਼ੋਟੋ ਨੂੰ ਮੱਥਾ ਟੇਕਿਆ ਤੇ ਜਕਦੇ ਜਕਾਉਂਦੇ ਨੇਂ ਗੇਅਰ ਮਾਰਿਆ। ਕੰਪਨੀ ਦੇ ਬੰਦੇ ਨੇਂ ਮੰਜੇ ਤੇ ਮੂਧੇ ਪਏ ਪੁਰਾਣੇਂ ਡਰਾਈਵਰ ਨੂੰ ਹਾਕ ਮਾਰੀ ਚਲ ਬਈ ਜਾਕੇ ਚੁੱਪ ਕਰਕੇ ਪਿਛਲੀ ਸੀਟ ਤੇ ਬਹਿਜਾ ਤੇ ਫ਼ਾਲਤੂ ਰੌਲ਼ਾ ਨਾਂ ਪਾਈਂ। ਹੁਣ ਸਵਾਰੀਆਂ ਇੱਕ ਦੂਜੇ ਨਾਲ਼ ਗੱਲਾਂ ਕਰਦੀਆਂ ਕਹਿ ਰਹੀਆਂ ਸੀ ਚਲੋ ਕੋਈ ਨਾਂ ਜੇ ਡਰਾਈਵਰ ਨਵੈਂ ਤਾਂ ਬੱਸ ਵੀ ਡਰਕੇ ਚਲਾਊ ਤੇ ਹੌਲ਼ੀ ਹੌਲ਼ੀ ਟ੍ਰੇਂਡ ਹੋਜੂ।

ਪਿਛਲੀ ਸੀਟ ਤੇ ਬੈਠਾ ਪਹਿਲਾ ਡਰਾਈਵਰ ਫ਼ੋਨ ਤੇ ਹੋਰ ਕਿਸੇ ਕੰਪਨੀ ਨਾਲ਼ ਸੰਪਰਕ ਸਾਧ ਰਿਹਾ ਸੀ ਤੇ ਦੂਜੀਆਂ ਸਵਾਰੀਆਂ ਨੂੰ ਸੁਣਾਕੇ ਕਹਿ ਰਿਹਾ ਸੀ ਹਾਂ ਹਾਂ ਦੇਖਦਾਂ ਇਹ ਬੱਸ ਕਿੱਥੇ ਤੱਕ ਜਾਊ ਇੰਜਣ ਇਹਦਾ ਗਿਆ ਖੜ੍ਹੈ ਕਲੱਚ ਤੇ ਗੇਅਰ ਦਾ ਇਹਦਾ ਕੰਮ ਹੋਣ ਆਲ਼ੈ ਇਹ ਨੀਂ ਪਤਾ financier ਕਦੋਂ ਫ਼ੜਕੇ ਲੈਜਾਣ ਆਪਾਂ ਤਾਂ ਹੁਣ ਕੰਪਨੀ ਬਦਲ ਈ ਲੈਣੀਂ ਐ।

(ਰਣਦੀਪ ਰਾਓ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜ਼ਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)



ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ ਸ਼ਾਮਿਲ ਜ਼ਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ



# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਟਾਂਕ ਕਸ਼ੱਤਰੀ ਪੁਰਬਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਡਿਪਲੋਮਾਂ ਇਨ ਇਲੈਕਟਰੀਕਲ, ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 0865 ***186***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ। ਸੰਪਰਕ: 587 438 4041***186***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਹਿੰਦੂ ਖੱਤਰੀ ਪਰਿਵਾਰ ਦੇ ਚੰਗੇ ਪੜੇ ਲਿਖੇ, ਸੋਹਣੇ ਸੁਨੱਖੇ ਲੜਕੇ ,ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਹਾਣ ਪਰਵਾਣ ਦੀ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 245 6776***186***

### ਲੜਕੀ ਦੀ ਲੋੜ
ਰਾਮਗੜ੍ਹੀਆ ਸਿੱਖ ਲੜਕਾ ਉਮਰ 36 ਸਾਲ,ਕੱਦ 5'10",,ਵਿਜੀਟਰ ਵੀਜਾ ਹੋਲਡਰ ਲਈ ਕਨੇਡੀਅਨ ਪੀ ਆਰ ,ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੀ ਲੋੜ ਹੈ,ਕੋਈ ਜਾਤੀ ਬੰਧਨ ਨਹੀ, ਤਲਾਕਸ਼ੁਦਾ ਵੀ ਵਿਚਾਰ ਯੋਗ, ਸੰਪਰਕ.. 91 8528486866 ਜਾਂ 1 647 879 1272 ***182***

### ਲੜਕੀ ਦੀ ਲੋੜ
ਅਮਰੀਕਨ ਸਿਟੀਜਨ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਆਰ ਐਨ ਲੜਕੇ ਲਈ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 968 5620 ***186***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ,ਜਨਮ 1995,ਕੱਦ 5 ਫੁੱਟ 7 ਇੰਚ, ਕੈਲਗਰੀ ਵਿਖੇ ਹੀ ਐਲ ਪੀ ਐਨ ਦੀ ਜੌਬ ਕਰਦੀ ਲੜਕੀ ਲਈ ਹਾਣ ਪ੍ਰਵਾਣ ਦੀ ਵਿਦਿਅਕ ਯੋਗਤਾ ਅਤੇ ਚੰਗੇ ਪਰਿਵਾਰਕ ਪਿਛੋਕੜ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਆਪਣੇ ਬਾਰੇ ਜਾਣਕਾਰੀ ਅਤੇ ਸੱਜਰੀ ਫੋਟੋ ਵਟਸ ਐਪ 91 89684 59226 ਉੱਪਰ ਭੇਜੋ ---Jatt sikh Gill family seeks a suitable match for their daughter, 1995 born, 5'7" PR in Canada. LPN working in Calgary . Looking for well educated and family oriented boy. Send your bio data and recent pictures on WhatsApp at +91 89684 59226 ***186***

### ਲੜਕੀ ਦੀ ਲੋੜ
ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਜੱਸਲ ਪਰਿਵਾਰ ਦੇ ਲੜਕੇ, ਉਮਰ 23 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ : ਆਈ ਟੀ ਆਈ ਪਲੰਬਰ ਦਾ ਡਿਪਲੋਮਾ ਅਤੇ ਹੁਣ ਲਵਲੀ ਯੂਨੀਵਰਿਸਟੀ ਵਿੱਚ ਬੀ ਏ ਫਾਈਨਲ ਕਰ ਰਹੇ ਲਈ, ਕਨੇਡੀਅਨ ਪੀਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਪਰਿਵਾਰ ਦਾ ਆਪਣਾ ਲੁਧਿਆਣਾ ਵਿੱਚ ਬਿਜਨਿਸ ਹੈ।ਲੜਕੇ ਦਾ ਭਰਾ ਅਤੇ ਨਾਨਕਾ ਪਰਿਵਾਰ ਕਨੇਡਾ ਨਿਵਾਸੀ ਹਨ। ਸੰਪਰਕ : 91 98 760 90313,1 778 706 9611 ਜਾਂ 416 509 6200 ***186***

### ਲੜਕੀ ਦੀ ਲੋੜ
ਜੱਟ ਸਿੱਖ ਰਹਿਲ ਅੰਮ੍ਰਿਤਧਾਰੀ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ, 32 ਸਾਲ,ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੇ ਦਾ ਇੰਡੀਆ ਤੋਂ ਓ ਟੀ ਏ ਡਿਪਲੋਮਾ ਕੀਤਾ ਹੋਇਆ ਹੈ । ਸੰਪਰਕ: 587 716 2321***183***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਹਲੈਤ ਪਰਿਵਾਰ ਦੇ ਤਲਾਕਸ਼ੁਦਾ ਲੜਕੇ , ਉਮਰ 39, ਕੱਦ 5 ਫੁੱਟ 11 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੀ ਕਨੇਡਾ ਤੋਂ ਹੀ ਹੋਵੇ। ਸੰਪਰਕ: 403 805 6615, 403 923 3440 ਜਾਂ ਫਿਰ ਈ ਮੇਲ ਵੀ ਕਰ ਸਕਦੇ ਹੋ: hallaitsaab@gmail.com ***183***

### ਲੜਕੇ/ਲੜਕੀ ਦੀ ਲੋੜ
ਜੱਟ ਸਿੱਖ ਘੁੰਮਣ ਪਰਿਵਾਰ ਦੀ ਕਨੇਡੀਅਨ ਪੀ ਆਰ ਲੜਕੀ, ਜਨਮ 1991,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਐਮ ਟੈੱਕ ,ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਆਈ ਟੀ ਕੰਪਨੀ ਵਿੱਚ ਚੰਗੀ ਜੌਬ ਕਰ ਰਹੀ ਹੈ। ਇਸੇ ਹੀ ਪਰਿਵਾਰ ਦਾ ਲੜਕਾ ਜੋ ਕਿ ਕਨੇਡਾ ਵਿੱਚ ਵਰਕ ਪਰਮਿਟ ਉੱਪਰ ਹੈ ,ਜਨਮ 1989,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਏ ਲਈ ਵੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਲੜਕੇ ਅਤੇ ਲੜਕੀ ਦੀ ਭੈਣ ਕਨੇਡਾ ਸੈਟਲ ਹੈ। ਸੰਪਰਕ: 403 993-3186 ***183***

### ਲੜਕੀ ਦੀ ਲੋੜ
Canadian Citizen Jatt Sikh family seeks suitable match for their 29-year-old, 6 ft. tall son. He's Professional Engineer working within reputed international corporation and brought up in Canada. Seeking a Professionally Educated Girl. Contact: +1 403 828 7973 or acheema8811@gmail.com ***183***

### ਲੜਕੀ ਦੀ ਲੋੜ
Jatt Sikh family seek a suitable match for their 5ft. 8inch / 27 years old daughter. She is an Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com***183***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਸਹੋਤਾ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੀ ਦੀ ਉਮਰ 30 ਸਾਲ ਤੋਂ ਉੱਪਰ ਹੀ ਹੋਵੇ। ਸਟੂਡੈਂਟ, ਵਿਜਟਿਰ,ਵਰਕ ਪਰਮਿਟ ਉਪਰ ਜਾਂ ਬਿਨਾ ਬੱਚਿਆਂ ਦੇ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 373 8091***183***

### ਲੜਕੇ ਦੀ ਲੋੜ
Canadian PR MSc Nursing Ramgarya girl (D.O.B-16/10/1988) ht-5'3, looking for MSc/MTech clean shaven or trim beard Sikh and Vaishnu Ramgarya only boy (Height- 5'6-5'9)Work permit holders can also be considered. +1(639) 318-4864 or +91 9417589810***182***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੀ ਪੜੀ ਲਿਖੀ ਚੰਗੀ ਜੌਬ ਕਰਦੀ , ਵੈਸਨੂੰ ਲੜਕੀ ,ਉਮਰ 34 ਸਾਲ, ਕੱਦ 5 ਫੁੱਟ 3 ਇੰਚ, ਲਈ ਕਨੇਡਾ ਤੋਂ ਹੀ ਲੜਕੇ ਦੀ ਲੋੜ ਹੈ ।ਸੰਪਰਕ: 587 664 3022 **181**

### ਲੜਕੇ ਦੀ ਲੋੜ
ਖੇਲਾ ਪਰਿਵਾਰ ਦੀ ਸੋਹਣੀ ਸੁਨੱਖੀ ਪੰਜਾਬ ਰਹਿੰਦੀ ਲੜਕੀ ਉਮਰ 20 ਸਾਲ , ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਗਰੇਡ ਟਵੈਲਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਵਰਕ ਪਰਮਿਟ ਜਾਂ ਸਟੂਡੈਂਟ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ । ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਲੜਕੀ ਨੂੰ ਕਨੇਡਾ ਆਉਣ ਮੌਕੇ ਸੈਟਲ ਹੋਣ ਵਿੱਚ ਮੱਦਦ ਕਰ ਸਕਦਾ ਹੈ। ਸੰਪਰਕ: 587 937 0224 ***181***

### ਲੜਕੇ ਦੀ ਲੋੜ
ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਪੜੀ ਲਿਖੀ ,ਬੈਂਕ ਦੀ ਜੌਬ ਕਰਦੀ, ਕਨੇਡੀਅਨ ਪੀ ਆਰ ( ਡਿਵੋਰਸ ਸਾਰਟ ਮੈਰਿਜ ) ਲੜਕੀ ਉਮਰ 29 ਸਾਲ ,ਕੱਦ 5 ਫੁੱਟ 8 ਇੰਚ, ਲਈ ਪੜੇ ਲਿਖੇ ਚੰਗੇ ਪਰਿਵਾਰ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਦੀ ਵਿਦਿਅਕ ਯੋਗਤਾ ਐਮ ਬੀ ਏ (ਹਿਊਮਨ ਰਿਸੋਰਸ) ਹੈ ।ਸੰਪਰਕ : 1 661 578 2665 (ਯੂ ਐਸ ਏ ) 9915240051 ਜਾਂ ਈ ਮੇਲ ਕਰੋ : UNITEDHIGHWAYS@GMAIL.COM ***181***

### ਲੜਕੀ ਦੀ ਲੋੜ
ਜੱਟ ਸਿੱਖ ਕਨੇਡੀਅਨ ਸਿਟੀਜਨ ,ਉਮਰ 38 ਸਾਲ, ਕੱਦ 5 ਫੁੱਟ 6 ਇੰਚ, ਸਾਊ ,ਨਸਾ ਰਹਿਤ, ਤਲਾਕਸੁਦਾ ਲੜਕੇ ਲਈ ਕਨੇਡਾ ਵਿੱਚ ਹੀ ਪੱਕੀ ਰਹਿੰਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੀ ਘਰੇਲੂ ਵਿਚਾਰਾਂ ਵਾਲੀ ਘੱਟ ਪੜੀ ਲਿਖੀ ਹੀ ਹੋਵੇ। ਵਿਜਟਿਰ ਜਾਂ ਸਟੂਡੈਂਟ ਸੰਪਰਕ ਨਾ ਕਰਨ। ਲੜਕੇ ਦੇ ਪਹਿਲੇ ਵਿਆਹ ਵਿੱਚੋਂ 5 ਸਾਲ ਦੀ ਇੱਕ ਬੇਟੀ ਵੀ ਹੈ ਜੋ ਆਪਣੀ ਮਾਂ ਨਾਲ ਕਿਸੇ ਹੋਰ ਸਹਿਰ ਵਿੱਚ ਰਹਿੰਦੀ ਹੈ ।ਸੰਪਰਕ: 204 632 4138 ***181***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਚਹਿਲ ਪਰਿਵਾਰ ਦੀ ਲੜਕੀ, ਉਮਰ 31 ਸਾਲ, ਕੱਦ 5 ਫੁੱਟ 5 ਇੰਚ, ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਲੜਕੀ ਦੀ ਵਿਦਿਅਕ ਯੋਗਤਾ ਬੈਚੂਲਰ ਆਫ ਕਾਮਰਸ ਡਿਗਰੀ (ਇੰਡੀਆ) ਅਕਾਂਊਟਿੰਗ ਐਂਡ ਫਾਇਨੈਂਸਿੰਗ ਡਿਗਰੀ (ਕਨੇਡਾ) ਤੋਂ ਕੀਤੀ ਹੈ ਅਤੇ ਹੁਣ ਸਰਵਿਸ ਕਨੇਡਾ ਇੰਪਲਾਈਮੈਂਟ ਇੰਸੋਰੈਂਸ ਨਾਲ ਜੌਬ ਕਰ ਰਹੀ ਹੈ ।ਸੰਪਰਕ ਲਈ ਈ ਮੇਲ : Navdeepkaur28@gmail.com ***181***

### ਲੜਕੇ ਦੀ ਲੋੜ
ਕਨੇਡੀਅਨ ਜੱਟ ਸਿੱਖ ਲੜਕੀ ,ਉਮਰ 1981,ਕੱਦ 5 ਫੁੱਟ 4 ਇੰਚ, ਮਾਲਵਾ ਏਰੀਆ ਨਾਲ ਸਬੰਧਿਤ ,ਕੈਲਗਰੀ ਵਿੱਚ ਰਹਿ ਰਹੀ ਲੜਕੀ ਵਾਸਤੇ ਲੜਕੇ ਦੀ ਲੋੜ ਹੈ ।ਸੰਪਰਕ : 403 671 3435 ਜਾਂ 587 891 3435 ***181***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ , ਧਾਲੀਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ licensed practical Nurse ਲਈ ਹਾਣ ਪਰਵਾਣ ਦੇ ਸੋਹਣੇ ਸੁਨੱਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ 403 850 6263 ***179***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ , ਜੱਟ ਸਿੱਖ ਪਰਿਵਾਰ ਦੇ ਤਲਾਕ ਸੁਦਾ ਵੈਸਨੂੰ ਲੜਕੇ ਉਮਰ 35 ਸਾਲ ,ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਤਲਾਕਸ਼ੁਦਾ, ਵਿਜਟਿਰ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਵਿਨੀਪੈਗ ਨੂੰ ਪਹਿਲ ।ਸੰਪਰਕ: 431 556 4986 ***178***

### ਲੜਕੀ ਦੀ ਲੋੜ
Looking for suitable match for single never married 36-year-old Arora Sikh boy born in Canada. Height 5'-8". Fair complexion. Educated, bachelor's degree in criminology from Canada. Currently working for the Federal Government. Contact: telephone 403-208-2354 or e-mail saamlak@yahoo.com ***178***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ। ਸੰਪਰਕ: 587 438 4041 ***177***

### ਲੜਕੇ ਦੀ ਲੋੜ
ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌਂ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ
ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

## ਸਾਬਕਾ ਮੰਤਰੀ ਜੀ ਕੈਲਗਰੀ ਦੇ ਮੇਅਰ ਬਣਨ ਦੀ ਦੌੜ ਵਿੱਚੋਂ ਬਾਹਰ ਹੋਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਿਉਨਿਸਿਪਲ ਚੋਣਾਂ ਵਿੱਚ ਨਾਮ ਵਾਪਸ ਲਏ ਜਾਣ ਦੀ ਆਖ਼ਰੀ ਮਿਤੀ ਤੋਂ ਬਾਦ ਕੈਲਗਰੀ ਵਿੱਚ ਮੇਅਰ ਦੇ ਅਹੁਦੇ ਵਾਸਤੇ ਮੈਦਾਨ ਵਿੱਚ ਰਹਿ ਗਏ ਉਮੀਦਵਾਰਾਂ ਦੀ ਸੰਖਿਆ 27 ਰਹਿ ਗਈ ਹੈ। ਸਾਬਕਾ ਫੈਡਰਲ ਮਨਿਸਟਰ ਕੈਂਟ ਹੇਰ੍ਹ ਨੇ ਸਿਹਤ ਕਾਰਨਾਂ ਦੇ ਚਲਦਿਆਂ ਮੇਅਰ ਦੇ ਅਹੁਦੇ ਵਾਸਤੇ ਰੇਸ ਵਿੱਚੋਂ ਆਪਣਾ ਨਾਮ ਵਾਪਸ ਲੈ ਲਿਆ ਹੈ। ਸ਼ਹਿਰ ਦੇ ਵੱਖ ਵੱਖ ਵਾਰਡਾਂ ਵਾਸਤੇ ਉਮੀਦਵਾਰਾਂ ਦੀ ਸੰਖਿਆ 100 ਰਹਿ ਗਈ ਹੈ। ਸਾਲ 1977 ਵਿੱਚ ਵਾਰਡਾਂ ਦੀ ਗਿਣਤੀ ਵਧਾ ਕੇ 14 ਕੀਤੇ ਜਾਣ ਮਗਰੋਂ ਚੋਣ ਲੜਣ ਵਾਲੇ ਉਮੀਦਵਾਰਾਂ ਦੀ ਸੰਖਿਆ 77 ਸੀ ਜਿਹੜੀ ਹੁਣ ਵਧ ਕੇ 127 ਦਰਜ ਹੋ ਰਹੀ ਹੈ। ਮੌਜੂਦਾ 9 ਕੌਂਸਲਰ ਚੋਣ ਨਹੀਂ ਲੜ ਰਹੇ ਪਰ ਉਹਨਾਂ ਵਿਚੋਂ 3 ਮੇਅਰ ਵਾਸਤੇ ਚੋਣ ਮੈਦਾਨ ਵਿੱਚ ਹਨ। ਵਾਰਡ 5 ਤੋਂ ਕੌਂਸਲਰ ਜੌਰਜ ਚਾਹਲ ਲਿਬਰਲ ਪਾਰਟੀ ਵੱਲੋਂ ਕੈਲਗਰੀ ਸਕਾਇਵਿਊ ਤੋਂ ਐਮਪੀ ਚੁਣੇ ਗਏ ਹਨ। ਪਬਲਿਕ ਸਕੂਲ ਟ੍ਰਸਟੀਜ਼ ਦੇ 7 ਅਹੁਦਿਆਂ ਵਾਸਤੇ 37 ਉਮੀਦਵਾਰ ਚੋਣ ਮੈਦਾਨ ਵਿੱਚ ਹਨ। 18 ਸੈਪਰੇਟ ਸਕੂਲ ਬੋਰਡ ਟ੍ਰਸਟੀ ਵਾਸਤੇ ਚੋਣ ਮੈਦਾਨ ਵਿੱਚ ਨਿੱਤਰੇ ਹਨ। ਇਸ ਸਬੰਧੀ ਵੋਟਾਂ 18 ਅਕਤੂਬਰ ਨੂੰ ਪੈਣਗੀਆਂ।

## ਤੁਸੀਂ ਟੀਕਾ ਲਗਵਾਉਣ ਵਾਲੇ ਬਣੋਂ ਟੀਕਿਆਂ ਵਾਲੀ ਗੱਡੀ ਤਾਂ ਆਪ ਹੀ ਤੁਹਾਡੇ ਬੂਹੇ ਉੱਪਰ ਆ ਜਾਵੇਗੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਆਫ਼ ਕੈਲਗਰੀ ਵੱਲੋਂ ਲੋਕਾਂ ਦੀ ਸਹੂਲਤ ਵਾਸਤੇ ਵੈਸਕਿਨ ਲਗਵਾਉਣ ਦਾ ਪ੍ਰਬੰਧ ਕਰਕੇ ਦਿੱਤਾ ਜਾ ਰਿਹਾ ਹੈ। ਹੁਣ ਸਿਟੀ ਦੇ ਅੰਦਰ ਇੱਕ ਵੈਕਸਿਨ ਵੈਨ ਘੁੰਮੇਗੀ ਤੇ ਜਲਦੀ ਹੀ ਚਾਰ ਹੋਰ ਅਜਿਹੀਆਂ ਵੈਨਾਂ ਲਿਆਂਦੀਆਂ ਜਾ ਰਹੀਆਂ ਹਨ ਤਾਂ ਕਿ ਲੋਕਾਂ ਨੂੰ ਵੈਕਸਿਨ ਲੈਣ ਲਈ ਦੂਰ ਨਾ ਜਾਣਾ ਪਵੇ। ਇੱਕ ਮੋਟਰਕੋਚ ਵੀ ਇਸ ਉਦੇਸ਼ ਲਈ ਲਿਆਂਦੀ ਜਾ ਰਹੀ ਹੈ। ਕੈਲਗਰੀ ਐਮਰਜੰਸੀ ਮੈਨੇਜਮੈਂਟ ਏਜੰਸੀ ਦੀ ਮੁਖੀ ਸੂ ਹੈਨਰੀ ਦਾ ਕਹਿਣਾ ਹੈ ਕਿ ਵੈਕਸਿਨੇਟ ਹੋਇਆ ਇੱਕ - ਇੱਕ ਵਿਅਕਤੀ ਸਕਾਰਾਤਮਕ ਪ੍ਰਭਾਵ ਛੱਡਦਾ ਹੈ ਤੇ ਦੂਜਿਆਂ ਨੂੰ ਵੈਕਸਿਨ ਲੈਣ ਵਾਸਤੇ ਪ੍ਰੇਰਿਤ ਕਰਦਾ ਹੈ। ਬੀਤੇ ਦਿਨੀ ਇਹ ਵੈਕਸਿਨ ਵੈਨ ?ਲੰਪਿਕ ਪਲਾਜ਼ਾ ,ਪੀਸ ਬ੍ਰਿਜ ਅਤੇ 'ਵੈਨ ਡੈਲਹਾਉਜ਼ੀ ਫਾਰਮਰਜ਼ ਮਾਰਕਿਟ ਵਿੱਚ ਸੇਵਾਵਾਂ ਦਿੰਦੀ ਦਿਖਾਈ ਦਿੱਤੀ । ਇਕ ਮਹੀਨੇ ਲਈ ਹਰ ਰੋਜ਼ ਇਹ ਵੈਨਾਂ ਸ਼ਹਿਰ ਦੇ ਵੱਖ ਵੱਖ ਹਿੱਸੇ ਵਿੱਚ ਜਾਣਗੀਆਂ ਤੇ ਵੈਕਸਿਨ ਲਗਵਾਉਣ ਵਾਲਿਆਂ ਨੂੰ ਸਰਵਿਸ ਦੇਣਗੀਆਂ।

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
**ਕੈਲਗਰੀ-403 640 2000**
**ਐਡਮਿੰਟਨ-780 599 2000 ਸੈਸਕਾਟੂਨ 639 999 1000**
**ਰੀਜਾਇਨਾ- 639 999 1000, ਵਿਨੀਪੈੱਗ- 431 733 3000**

Masihi Life Church
3663 19th STREET CALGARY AB T2E 6S8
FOR PRAYER CALL 403-429-0369
ਯੂਹੰਨਾ 8:12
ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ।
ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ
ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।
Are you searching for a church to attend
Come and join us
(Service in Hindi/Punjabi)
We welcome you all




CHURCH SERVICE EVERY
SUNDAY 12PM TO 3PM
ਮੱਤੀ 11:28
ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ,
ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**
ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।
**ਅੱਜ ਹੀ ਕਾਲ ਕਰੋ:**
**403 680 0436**

**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**
A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615
ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

**Hiring !**
Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract
**Email : dclogistics4@gmail.com**
**Phone : 204-396-1696 , 204-891-0031**

**Hiring**
**Hair and face art salon is looking for hairdresser (NOC CODE 6341) Applicants should have minimum of 1-2 years of experience.**
**Number of Vacancies :2**
**Wage rate: 20/hour full time job**
**Interested candidates please send your resume at email: hairandfaceart994@gmail.com**

**Tractor Trucks for Lease**
Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
Please Contact:
FRESH FREIGHT



**KulbirShergill Fresh Freight Ltd**
**Phone or Text- 403-510-0070**
**Email: info@freshfreight.ca**

**A-CHOICE DRIVING SCHOOL**
Bay# 324, 4774 Westwinds Dr NE
Calgary Alberta T3J 0L9
Tel: 403-473-1682



# ਰੌਸ਼ਨੀ ਦੀ ਰ਼ਫਤਾਰ - ਸ਼ਹੀਦੇ ਆਜ਼ਮ ਭਗਤ ਸਿੰਘ




ਜਗਦੇਵ ਸਿੱਧੂ ਕੈਲਗਰੀ
403 351 1136

ਜ਼ਿੰਦਗੀ ਦੀਆਂ ਰੰਗੀਨੀਆਂ ਦਾ ਸ਼ੈਦਾਈ, ਉੱਚੀ ਵਿੱਦਿਆ ਹਾਸਲ ਕਰਨ ਦਾ ਸ਼ੌਕ ਪਾਲਣ ਵਾਲਾ ਅਤੇ ਪਿਆਰ ਦੇ ਪਵਿੱਤਰ ਜਜ਼ਬੇ ਦਾ ਸਨਮਾਨ ਕਰਨ ਵਾਲਾ ਮਸਫੁੱਟ ਗੱਭਰੂ ਸ਼੍ਰੋਮਣੀ ਇਨਕਲਾਬੀ ਹੋ ਕੇ ਵਿਸ਼ਵ ਭਰ ਦੇ ਕ੍ਰਾਂਤੀਕਾਰੀਆਂ ਦੀ ਸਿਖਰਲੀ ਕਤਾਰ ਵਿਚ ਖੜੋਤਾ ਦਿਸਦਾ ਹੈ। ਤੇ ਉਹ ਵੀ ਸਿਰਫ਼ ਤੇਈ ਵਰ੍ਹਿਆਂ ਦੀ ਉਮਰ ਵਿਚ। ਅਜਿਹੀ ਪ੍ਰਾਪਤੀ ਕਿਸੇ ਸ਼ਖ਼ਸੀਅਤ ਦੇ ਪੱਲੇ ਪਈ ਹੋਵੇ, ਵੇਖਣ ਨੂੰ ਅਲੋਕਾਰੀ ਜਾਪਦੀ ਹੈ ਪਰ ਅਤੀ ਗੰਭੀਰਤਾ ਨਾਲ ਸਾਰੇ ਪੱਖਾਂ ਨੂੰ ਘੋਖਣ ਤੋਂ ਇਹੋ ਤੱਥ ਸਾਹਮਣੇ ਆਉਂਦਾ ਹੈ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਨੇ ਆਪਣੇ ਅਧਿਅਨ, ਕਾਰਵਾਈਆਂ ਅਤੇ ਵਿਚਾਰ-ਪ੍ਰਗਟਾਵੇ ਨੂੰ ਰੌਸ਼ਨੀ ਦੀ ਤੇਜ਼ੀ ਨਾਲ ਨਜਿੱਠਿਆ, ਜਿਵੇਂ ਉਸ ਨੂੰ ਸ਼ੁਰੂ ਤੋਂ ਹੀ ਪਤਾ ਹੋਵੇ ਕਿ ਉਸ ਕੋਲ ਵਕਤ ਥੋੜ੍ਹਾ ਹੈ ਪਰ ਕਾਰਜ ਬਹੁਤ ਵੱਡਾ। ਉਹ ਕਿੰਨੇ ਪੜਾਵਾਂ ਵਿੱਚੋਂ ਤੇਜ਼ੀ ਨਾਲ ਗੁਜ਼ਰਿਆ, ਕਿੰਨੀ ਗਤੀ ਨਾਲ ਵਿਚਾਰਾਂ ਨੂੰ ਇਤਿਹਾਸਕ ਤੇ ਤਤਕਾਲੀਨ ਹਾਲਤਾਂ ਦੀ ਵਿਗਿਆਨਕ ਸਾਣ ਤੇ ਤਿੱਖਾ ਕੀਤਾ, ਇਹ ਆਪਣੇ ਆਪ ਵਿਚ ਅਨੂਠਾ ਵਰਤਾਰਾ ਸੀ। ਇਸ ਸਾਰੇ ਘਟਨਾਕ੍ਰਮ ਬਾਰੇ ਵਿਸਥਾਰ ਨਾਲ ਥਹੁ-ਪਤਾ ਲਾਉਣਾ ਇਤਿਹਾਸਕਾਰਾਂ ਲਈ ਚੁਣੌਤੀ ਦਾ ਵਿਸ਼ਾ ਰਹੇਗਾ। ਸੰਖੇਪ ਵਿਚ ਚਰਚਾ ਕੀਤੀ ਜਾ ਸਕਦੀ ਹੈ।

ਖ਼ੂਨੀ ਸਾਕੇ ਅਤੇ ਲੋਕ-ਲਹਿਰਾਂ ਦਾ ਪ੍ਰਭਾਵ -- ਇਹ ਸੱਚ ਹੈ ਕਿ ਭਗਤ ਸਿੰਘ ਦਾ ਜਨਮ ਉਨ੍ਹਾਂ ਹਾਲਤਾਂ ਵਿਚ ਹੋਇਆ ਜਦੋਂ ਭਾਰਤ ਅੰਦਰ ਬਰਤਾਨਵੀ ਸਾਮਰਾਜ ਦੀ ਜਕੜ ਹੇਠ ਇਸ ਦੇ ਕੁਦਰਤੀ ਸ੍ਰੋਤਾਂ ਦੀ ਲੁੱਟ-ਖਸੁੱਟ ਤੋਂ ਇਲਾਵਾ ਦੇਸ਼ ਵਾਸੀਆਂ ਨੂੰ ਹਰ ਤਰ੍ਹਾਂ ਦੇ ਅੱਤਿਆਚਾਰ ਦਾ ਸ਼ਿਕਾਰ ਹੋਣਾ ਪੈ ਰਿਹਾ ਸੀ। ਗ਼ੁਲਾਮੀ ਦਾ ਜੂਲਾ ਲਾਹੁਣ ਦੀਆਂ ਆਵਾਜ਼ਾਂ ਉੱਚੀਆਂ ਹੋਣ ਲੱਗੀਆਂ ਸਨ। ਸਾਮਰਾਜੀਆਂ ਪ੍ਰਤੀ ਵਿਦ੍ਰੋਹ ਤਿੱਖਾ ਹੋਣ ਲੱਗ ਪਿਆ ਸੀ। ਭਗਤ ਸਿੰਘ ਦੇ ਦਾਦਾ ਜੀ, ਸਰਦਾਰ ਅਰਜਨ ਸਿੰਘ ਸੱਚੇ ਦੇਸ਼ ਭਗਤ ਹੋਣ ਦੇ ਨਾਲ ਪਾਖੰਡਾਂ, ਅੰਧ-ਵਿਸ਼ਵਾਸਾਂ ਅਤੇ ਜਾਤ-ਪਾਤ ਨੂੰ ਤਿਲਾਂਜਲੀ ਦੇ ਚੁੱਕੇ ਸਨ। ਪਿਤਾ ਸਰਦਾਰ ਕਿਸ਼ਨ ਸਿੰਘ ਤੇ ਦੋਵੇਂ ਚਾਚਾ ਜੀ ਅੰਗ੍ਰੇਜ਼ੀ ਹਕੂਮਤ ਦੇ ਖਿਲਾਫ਼ ਡਟੇ ਹੋਏ ਸਨ। ਭਗਤ ਸਿੰਘ ਦੇ ਜਨਮ ਵਾਲਾ 1907 ਦਾ ਵਰ੍ਹਾ ਕਿਸਾਨੀ ਦੀ ਜਾਗ੍ਰਤੀ ਦਾ ਸਾਲ ਸੀ, ਜਦੋਂ ਉਸ ਦੇ ਚਾਚਾ ਜੀ, ਸਰਦਾਰ ਅਜੀਤ ਸਿੰਘ ਪਗੜੀ ▾ਸੰਭਾਲ ਜੱਟਾ▾ ਲਹਿਰ ਦੇ ਮੂਹਰਲੇ ਆਗੂ ਸਨ। ਛੋਟੀ ਉਮਰੇ ਹੀ ਭਗਤ ਸਿੰਘ ਉਪਰ ਨਾਮਧਾਰੀ ( ਕੂਕਾ ) ਲਹਿਰ ਦਾ ਡੂੰਘਾ ਪ੍ਰਭਾਵ ਪਿਆ। ਬਾਰਾਂ ਸਾਲ ਦੇ ਬਾਲਕ ਭਗਤ ਸਿੰਘ ਨੇ ਜੱਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਮਗਰੋਂ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਮਿੱਟੀ ਲਿਆ ਕੇ ਸੰਭਾਲ ਲਈ ਸੀ। ਉਸ ਦੇ ਕੋਮਲ ਮਨ ਉਤੇ ਕੀ ਗੁਜ਼ਰੀ ਹੋਵੇਗੀ, ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਇਸੇ ਸਾਲ ਨਾ-ਮਿਲਵਰਤਣ ਲਹਿਰ ਵਿਚ ਕੁੱਦਣ ਕਰ ਕੇ ਪੜ੍ਹਾਈ ਛੱਡਣੀ ਪਈ। ਅਗਲੇ ਸਾਲ ਦੇਸ਼ ਭਗਤਾਂ ਦੁਆਰਾ ਸਥਾਪਤ ਕੀਤੇ ਨੈਸ਼ਨਲ ਕਾਲਜ, ਲਾਹੌਰ ਵਿਚ ਦਾਖਲਾ ਲੈ ਲਿਆ। ਇੱਥੇ ਦੇਸ਼ ਭਗਤੀ, ਵਿਗਿਆਨਕ ਵਿਚਾਰਾਂ ਅਤੇ ਇਨਕਲਾਬੀ ਲਹਿਰਾਂ ਦੇ ਵਿਸ਼ਿਆਂ ਬਾਰੇ ਕਿਤਾਬਾਂ ਪੜ੍ਹਨ ਤੇ ਘੋਖਣ ਦਾ ਮੌਕਾ ਮਿਲਿਆ। ਇੱਥੇ ਹੀ ਭਗਵਤੀ ਚਰਨ ਵੋਹਰਾ ਅਤੇ ਸੁਖਦੇਵ ਨਾਲ ਵਿਚਾਰ-ਵਟਾਂਦਰੇ ਹੁੰਦੇ ਰਹੇ। ਉਸ ਦੇ ਵਿਚਾਰ ਗੰਭੀਰ ਹੁੰਦੇ ਗਏ। ਉਸ ਦੀ ਲਗਨ ਵੱਧ ਤੋਂ ਵੱਧ ਪੜ੍ਹਨ, ਮੁਤਾਲਿਆ ਕਰਨ ਅਤੇ ਚੌਂਪਾਸਾ ਗਿਆਨ ਗ੍ਰਹਿਣ ਕਰਨ ਵਿਚ ਸੀ। ਇੱਕ ਪਾਸੇ ਦੇਸ਼ ਅੰਦਰ ਚਲ ਰਹੀਆਂ ਲਹਿਰਾਂ ਬਾਰੇ ਜਾਨਣ ਦੀ ਤੀਬਰ ਖ਼ਾਹਿਸ਼ ਸੀ ਤਾਂ ਨਾਲ ਹੀ ਵਿਸ਼ਵ ਭਰ ਦੀਆਂ ਇਤਿਹਾਸਕ ਕ੍ਰਾਂਤੀਕਾਰੀ ਲਹਿਰਾਂ ਤੇ ਘਟਨਾਵਾਂ ਬਾਰੇ ਜਾਨਣ ਦੀ ਜਗਿਆਸਾ ਸੀ।

ਲਿਖਤਾਂ -- ਭਗਤ ਸਿੰਘ 1924 ਵਿਚ ਘਰ ਛੱਡ ਕੇ ਕਾਨਪੁਰ ਚਲਾ ਗਿਆ। ਉਸ ਨੇ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਯੂਰਪ ਅੰਦਰ ਚਲੀਆਂ ਬਗ਼ਾਵਤੀ ਲਹਿਰਾਂ, ਕਿਰਤੀਆਂ ਦੇ ਸੰਘਰਸ਼ਾਂ ਅਤੇ ਕ੍ਰਾਂਤੀਕਾਰੀਆਂ ਬਾਰੇ ਡੂੰਘਾ ਅਧਿਐਨ ਕੀਤਾ। ਉਨ੍ਹਾਂ ਦੇ ਵਿਚਾਰਾਂ ਨੂੰ ਸਮਝ ਕੇ ਕਾਰਵਾਈਆਂ ਵਿਚ ਵਰਤਿਆ ਅਤੇ ਇਨ੍ਹਾਂ ਦਾ ਆਪਣੀਆਂ ਲਿਖਤਾਂ ਰਾਹੀਂ ਢੁਕਵਾਂ ਪਰਚਾਰ ਵੀ ਕਰਦਾ ਰਿਹਾ। 1857 ਦੀ ਆਜ਼ਾਦੀ ਦੀ ਪਹਿਲੀ ਲੜਾਈ ਨੂੰ ਸਹੀ ਪ੍ਰੀਪੇਖ ਵਿਚ ਰੱਖ ਕੇ ਲਿਖਿਆ। ਤਤਕਾਲੀਨ ਕ੍ਰਾਂਤੀਕਾਰੀਆਂ ਦੀਆਂ ਗਤੀਵਿਧੀਆਂ ਅਤੇ ਕੁਰਬਾਨੀਆਂ ਬਾਰੇ ਖੁੱਲ੍ਹ ਕੇ ਲਿਖਿਆ। ਗ਼ਦਰ ਲਹਿਰ ਅਤੇ ਇਸ ਦੇ ਕ੍ਰਾਂਤੀਕਾਰੀ ਯੋਧਿਆਂ ਬਾਰੇ ਵਿਸਥਾਰ ਵਿਚ ਲਿਖਿਆ। ਇਨ੍ਹਾਂ ਸਾਰੀਆਂ ਘਟਨਾਵਾਂ ਅਤੇ ਇਨ੍ਹਾਂ ਦੇਸ਼ ਭਗਤਾਂ ਤੋਂ ਇਲਾਵਾ ਇਕੱਲੇ-ਇਕੱਲੇ ਸ਼ਹੀਦਾਂ ਬਾਰੇ ਜਾਣਕਾਰੀ ਇਤਿਹਾਸ ਦੇ ਪੰਨਿਆਂ ਤੇ ਅੰਕਿਤ ਕਰ ਦਿੱਤੀ। ਇਨ੍ਹਾਂ ਸਭ ਦਾ ਉਸ ਦੇ ਮਨ ਅਤੇ ਵਿਚਾਰਾਂ ਉੱਤੇ ਗਹਿਰਾ ਪ੍ਰਭਾਵ ਪਿਆ। ਭਗਤ ਸਿੰਘ ਨੇ ਏਨੀ ਛੋਟੀ ਉਮਰੇ ਏਨੇ ਥੋੜ੍ਹੇ ਸਮੇਂ ਵਿਚ ਏਨੇ ਉੱਚ ਪਾਏ ਦੀਆਂ ਲਿਖਤਾਂ ਨੂੰ ਅੰਜਾਮ ਦਿੱਤਾ ਜਿਸ ਤੋਂ ਉਸ ਦੀ ਸ਼ਖ਼ਸੀਅਤ ਸਾਕਾਰ ਹੁੰਦੀ ਹੈ।




Photos of Shaheed Bhagat Singh

ਹੈਰਾਨੀ ਹੁੰਦੀ ਹੈ ਕਿ ਸਤਾਰਾਂ ਸਾਲ ਦੀ ਉਮਰ ਵਿਚ ਪੰਜਾਬੀ ਭਾਸ਼ਾ ਅਤੇ ਲਿਪੀ ਬਾਰੇ ਲਿਖੇ ਵਿਦਵਤਾ ਪੂਰਨ ਲੇਖ ਵਿਚ ਗੈਰੀਬਾਲਡੀ, ਮੇਜਨੀ, ਟਾਲਸਟਾਏ, ਕਾਰਲ ਮਾਰਕਸ ਮੈਕਸਿਮ ਗੋਰਕੀ, ਰੂਸੋ, ਵਾਲਟੇਅਰ ਦਾ ਭਰਵਾਂ ਜ਼ਿਕਰ ਹੈ, ਨਾਲ ਹੀ ਫਰਾਂਸ ਦੀ ਕ੍ਰਾਂਤੀ, ਆਇਰਲੈਂਡ ਦੀ ਗਾਲਿਕ ਭਾਸ਼ਾ ਅਤੇ ਪੁਨਰ ਸੁਰਜੀਤੀ ਦੇ ਵੇਰਵੇ ਦਿੱਤੇ ਹਨ। ਇਸ ਤੋਂ ਇਲਾਵਾ ਕਬੀਰ, ਸਿੱਖ ਗੁਰੂਆਂ ਦੁਆਰਾ ਰਚੀ ਤੇ ਸੰਪਾਦਿਤ ਕੀਤੀ ਗੁਰਬਾਣੀ,ਸੰਸਕ੍ਰਿਤ, ਬੰਗਲਾ, ਅਰਬੀ ਭਾਸ਼ਾਵਾਂ, ਬਾਬਾ ਬੰਦਾ ਸਿੰਘ ਬਹਾਦਰ ਦੇ ਯੁੱਧਾਂ, ਰਾਬਿੰਦਰ ਨਾਥ ਟੈਗੋਰ, ਕੇਸ਼ਵ ਚੰਦਰ ਸੈਨ, ਕਵੀ ਨਜ਼ਰ-ਉਲ ਇਸਲਾਮ, ਕਵੀ ਲਤੀਫ਼ ਹੁਸੈਨ ਨਟਵਰ, ਲਾਲਾ ਹਰਦਿਆਲ ਹੁਰਾਂ ਦਾ ਹਵਾਲਿਆਂ ਸਹਿਤ ਉਲੇਖ ਹੈ। ਉਸ ਦੀਆਂ ਹੋਰ ਲਿਖਤਾਂ ਵਿਚ ਉੱਘੇ ਨਾਂ ਇਹ ਵੀ ਹਨ - ਜਾਰਜ ਵਾਸ਼ਿੰਗਟਨ, ਗੈਰੀਬਾਲਡੀ, ਵੀਰ ਸਾਵਰਕਰ, ਐਗਨਸ ਸਮੈਡਲੀ, ਸੁਨ ਯਤ ਸੇਨ, ਐਲਬਰਟ ਰਾਇਸ ਵਿਲੀਅਮ, ਡਬਲਯੂ. ਜੇ. ਬਰਾਊਨ, ਡੈਨ ਬਰੀਨ, ਡਾ. ਭੂਪੇਂਦਰ ਨਾਥ ਦੱਤ, ਫਰਾਂਸੀਸੀ ਫਿਲਾਸਫਰ ਪਰੋਦੋਨ, ਰੂਸ ਦਾ ਬੈਕੂਨਿਨ, ਜੋਹੈਨ ਮੋਸਟ, ਪ੍ਰਿੰਸ ਕਰੋਪਾਟਕਿਨ,, ਐਮਾ ਗੋਲਡਮੈਨ, ਸੋਹੋਮ ਸੁਆਮੀ, ਨਿਰਲੰਬ ਸੁਆਮੀ, ਫਰੈਡ੍ਰਿਕ ਐਂਗਲਜ, ਮੈਕਿਆਵਲੀ, ਰਾਜਨੀਤੀ ਦਾ ਫਿਲਾਸਫਰ ਡੈਵਿਡ ਥੋਰੀਅਨ, ਪ੍ਰਿੰਸੀਪਲਜ਼ ਆਫ ਪਲਿਟਿਕਸ ਦਾ ਰਚੇਤਾ ਲਾਰਡ, ਕਾਰਲ ਮੈਨਿੰਗ, ਇਟਲੀ ਦਾ ਕਾਰਲੋ ਕੈਫੀਰੋ, ਮਾਲਾਟੇਮਟਾ, ਪਾਲ ਬ੍ਰਸੀ ਆਦਿ।

ਜੇਲ੍ਹ ਡਾਇਰੀ -- ਭਗਤ ਸਿੰਘ 8 ਅਪ੍ਰੈਲ 1929 ਨੂੰ ਦਿੱਲੀ ਅਸੈਂਬਲੀ ਵਿਚ ਬੰਬ ਸੁੱਟਣ ਤੋਂ ਤੁਰੰਤ ਬਾਦ ਖ਼ੁਦ ਗ੍ਰਿਫ਼ਤਾਰ ਹੋ ਗਿਆ ਸੀ। ਉਸ ਦਿਨ ਤੋਂ ਲੈ ਕੇ 23 ਮਾਰਚ 1929 ਨੂੰ ਫਾਂਸੀ ਲਾਏ ਜਾਣ ਤੱਕ ਲਗਾਤਾਰ ਤਕਰੀਬਨ ਇੱਕ ਸਾਲ ਗਿਆਰਾਂ ਮਹੀਨੇ 15 ਦਿਨ ਜੇਲ੍ਹ ਵਿਚ ਬੰਦ ਰਿਹਾ। ਇਸ ਦੌਰਾਨ 175 ਦਿਨ ਭੁੱਖ ਹੜਤਾਲ ਦੇ ਲੇਖੇ ਲੱਗ ਗਏ ਤੇ ਕੁਛ ਦਿਨ ਕਚਹਿਰੀਆਂ ਵਿਚ ਪੇਸ਼ੀਆਂ ਦੇ। ਜੇਲ੍ਹ ਵਿਚ ਜੋ ਵੀ ਸਮਾਂ ਮਿਲਿਆ, ਪੁਸਤਕਾਂ ਪੜ੍ਹਨ, ਅਧਿਐਨ ਕਰਨ, ਮੁਤਾਲਿਆ ਕਰਨ ਤੇ ਟਿੱਪਣੀਆਂ ਨੋਟ ਕਰਨ ਵਿਚ ਲਗਾ ਦਿੱਤਾ। ਜੋ ਸ਼ਖ਼ਸ ਫਾਂਸੀ ਚੜ੍ਹਨ ਤੋਂ ਐਨ ਪਹਿਲਾਂ ਵੀ ਦ ਰੈਵੋਲੂਸ਼ਨਰੀ ਲੈਨੀਨ ਵਰਗੀ ਗੰਭੀਰ ਪੁਸਤਕ ਪੜ੍ਹਨ ਵਿਚ ਐਨਾ ਮਗਨ ਹੋਵੇ ਕਿ ਚੈਪਟਰ ਖ਼ਤਮ ਕਰਨ ਦੀ ਮੋਹਲਤ ਮੰਗ ਰਿਹਾ ਹੋਵੇ , ਅੰਦਾਜ਼ਾ ਲਾ ਸਕਦੇ ਹਾਂ ਕਿ ਹੋਰ ਦਿਨਾ ਵਿਚ ਪੜ੍ਹਨ ਵਿਚ ਕਿੰਨਾ ਮਸਰੂਫ਼ ਹੁੰਦਾ ਹੋਵੇਗਾ। ਹੋਰ ਵੀ ਹੈਰਾਨੀ ਦੀ ਗੱਲ ਇਹ ਕਿ ਅਜਿਹੇ ਥੋੜ੍ਹੇ ਤੇ ਮੁਸ਼ਕਲ ਸਮੇਂ ਅੰਦਰ ਸੌ ਤੋਂ ਵੱਧ ਕਿਤਾਬਾਂ, ਰਿਪੋਰਟਾਂ, ਜਰਨਲ ਆਦਿ ਦਾ ਅਧਿਐਨ ਕੀਤਾ। ਇਹ ਤਾਂ ਸਿਰਫ਼ ਉਹ ਹਨ ਜਿਨ੍ਹਾਂ ਦੀਆਂ ਟਿੱਪਣੀਆਂ ਤੇ ਉਲੇਖ ਉਸ ਦੀ ਜੇਲ੍ਹ ਡਾਇਰੀ ਵਿਚ ਦਰਜ ਹਨ। ਇਹ ਰੋਜ਼ਾਨਾ ਕੰਮ ਕਾਰ ਵਾਲੀ ਰਵਾਇਤੀ ਡਾਇਰੀ ਨਹੀਂ, ਸਗੋਂ ਉਨ੍ਹਾਂ ਅੰਦਰਾਜਾਂ ਦੀ ਹੈ ਜਿਹੜੇ ਆਉਣ ਵਾਲੇ ਕ੍ਰਾਂਤੀਕਾਰੀ ਤੇ ਇਨਕਲਾਬੀ ਨੌਜਵਾਨਾ ਦਾ ਪਥ-ਪ੍ਰਦਰਸ਼ਨ ਕਰਨ ਵਿਚ ਸਹਾਈ ਹੋਣਗੇ। ਇਸ ਡਾਇਰੀ ਦੇ 404 ਪੰਨਿਆਂ ਵਿੱਚੋਂ 118 ਪੰਨੇ ਕੋਰੇ ਹਨ। ਏਨੀ ਜਲਦੀ ਏਨਾ ਕੁਛ ਪੜ੍ਹਨਾ, ਵਾਚਣਾ, ਨਿਰਖਣਾ ਤੇ ਉਸ ਵਿੱਚੋਂ ਅਤੀ ਮਹੱਤਵ ਪੂਰਨ ਟੋਟਕੇ ਦਰਜ ਕਰਨਾ ਅਚੰਭੇ ਭਰਿਆ ਲਗਦਾ ਹੈ। ਇਸ ਵਿਚ ਉਸ ਦੀ ਖੁਸ਼ਖ਼ਤ ਅੰਗ੍ਰੇਜ਼ੀ ਲਿਖਾਈ ਦੇ ਦਰਸ਼ਨ ਹੁੰਦੇ ਹਨ। ਭਗਤ ਸਿੰਘ ਇੱਕ ਥਾਂ ਲਿਖਦਾ ਹੈ - ਜੇਲ੍ਹਾਂ ਵਿਚ ਅਤੇ ਸਿਰਫ਼ ਜੇਲ੍ਹਾਂ ਵਿਚ ਹੀ ਕਿਸੇ ਆਦਮੀ ਨੂੰ ਜੁਰਮ ਅਤੇ ਗੁਨਾਹ ਵਰਗੇ ਅਹਿਮ ਸਮਾਜਕ ਮਸਲੇ ਦਾ ਅਸਲੀ ਮੁਤਾਲਿਆ ਕਰਨ ਦਾ ਮੌਕਾ ਮਿਲਦਾ ਹੈ। ਮੁਤਾਲਿਆ ਦਾ ਬਿਹਤਰ ਭਾਗ ਹੈ ਖ਼ੁਦ ਮੁਸੀਬਤਾਂ ਸਹਿਣਾ।

ਹਥਿਆਰਬੰਦ ਇਨਕਲਾਬੀ -- ਭਗਤ ਸਿੰਘ ਨੇ ਸ਼ੁਰੂਆਤੀ ਰੋਮਾਂਚਵਾਦੀ ਇਨਕਲਾਬੀ ਅਸਰ ਹੇਠ ਸਾਂਡਰਸ ਦਾ ਕਤਲ ਕੀਤਾ। ਉਸ ਸਮੇਂ ਲਾਏ ਇਸ਼ਤਿਹਾਰ ਵਿਚ ਲਿਖਿਆਸੀ - ਸਾਨੂੰ ਹਥਿਆਰ ਨਾ ਰੱਖਣ ਦੇਣ ਲਈ ਬਣਾਏ ਤੁਹਾਡੇ ਕਾਨੂੰਨਾਂ ਤੇ ਚੌਕਸੀ ਦੇ ਬਾਵਜੂਦ ਪਿਸਤੌਲ ਤੇ ਰਿਵਾਲਵਰ ਇਸ ਦੇਸ਼ ਦੀ ਜਨਤਾ ਦੇ ਹੱਥਾਂ ਵਿਚ ਆਉਂਦੇ ਹੀ ਰਹਿਣਗੇ। ਜੇ ਇਹ ਹਥਿਆਰਬੰਦ ਕ੍ਰਾਂਤੀ ਲਈ ਨਾ ਵੀ ਮਿਲੇ ਤਾਂ ਵੀ ਕੌਮੀ ਅਪਮਾਨ ਦਾ ਬਦਲਾ ਲੈਣ ਲਈ ਤਾਂ ਕਾਫ਼ੀ ਹੋਣਗੇ। ਇਕ ਹੋਰ ਥਾਂ ਲਿਖਿਆ ਹੈ - ਅਸੀਂ ਕੌਮੀ ਹਥਿਆਰਬੰਦ ਦਸਤੇ ਵਾਂਗ ਆਪਣੀ ਜ਼ਿਮੇਵਾਰੀ ਨਿਭਾਉਂਦੇ ਰਹੇ ਹਾਂ। ਆਪਣੇ ਵਿਚਾਰਾਂ ਦੀ ਪ੍ਰਪੱਕਤਾ ਗ੍ਰਹਿਣ ਕਰਨ ਸਮੇਂ ਉਹ ਲਿਖਦਾ ਹੈ - ਹਿੰਸਾ ਕਿਸੇ ਬਹੁਤ ਹੀ ਖਾਸ ਹਾਲਤ ਵਿਚ ਜਾਇਜ਼ ਹੋ ਸਕਦੀ ਹੈ ਪਰ ਅਹਿੰਸਾ ਅੰਦੋਲਨਾਂ ਦਾ ਮੁੱਖ ਹਥਿਆਰ ਹੋਵੇਗੀ। ਇਹ ਉਸ ਦੇ ਵਿਚਾਰਾਂ ਵਿਚ ਗਹਿਰੇ ਅਧਿਐਨ ਅਤੇ ਤਜਰਬੇ ਨਾਲ ਆਈ ਤਬਦੀਲੀ ਦੀ ਝਲਕ ਹੈ। ''ਨਾ ਮੈਂ ਦਹਿਸ਼ਤ ਪਸੰਦ ਹਾਂ ਤੇ ਨਾ ਹੀ ਸਾਂ, ਸਿਰਫ਼ ਇਨਕਲਾਬੀ ਜੀਵਨ ਦੇ ਸ਼ੁਰੂ ਦੇ ਕੁਛ ਦਿਨਾਂ ਦੇ ਸਿਵਾਏ।-- ਦਹਿਸ਼ਤਪਸੰਦੀ ਸਾਡੇ ਅੰਦਰ ਇਨਕਲਾਬੀ ਸੋਚ ਦੀ ਪਕੜ ਦੇ ਅਭਾਵ ਦਾ ਪ੍ਰਗਟਾਵਾ ਹੈ।''

ਅਸੈਂਬਲੀ ਵਿਚ ਬੰਬ ਸੁੱਟਣ ਮਗਰੋਂ ਜੋ ਪਰਚਾ ਵੰਡਿਆ ਗਿਆ ਉਸ ਵਿਚ ਫਰਾਂਸ ਦੇ ਕ੍ਰਾਂਤੀਕਾਰੀ ਵੇਲਾਂ ਦੇ ਸ਼ਬਦਾਂ ਦਾ ਹਵਾਲਾ ਹੈ, 'ਬੋਲਿਆਂ ਨੂੰ ਸੁਨਾਉਣ ਲਈ ਗਰਜ ਦੀ ਲੋੜ ਹੈ' ਸਪਸ਼ਟ ਹੈ ਕਿ ਭਗਤ ਸਿੰਘ ਜੋ ਪੜ੍ਹਦਾ-ਵਿਚਾਰਦਾ ਸੀ , ਮੌਕਾ ਆਉਣ ਉੱਤੇ ਉਸ ਮੁਤਾਬਕ ਵੱਡੀ ਤੋਂ ਵੱਡੀ ਕਾਰਵਾਈ ਕਰਨ ਤੋਂ ਪਿੱਛੇ ਨਹੀਂ ਹਟਦਾ ਸੀ। ਉਸ ਦੇ ਵਿਚਾਰਾਂ ਦਾ ਤਰਜਮਾ ਉਸ ਦੀਆਂ ਕਾਰਵਾਈਆਂ ਵਿਚ ਰੂਪਮਾਨ ਹੁੰਦਾ ਹੈ। 6 ਜੂਨ, 1929 ਨੂੰ ਸੈਸ਼ਨ ਜੱਜ ਲਿਓਨਾਰਡ ਮਿਡਲਟਨ ਅੱਗੇ ਦਿੱਤੇ ਬਿਆਨ ਵਿਚ ਆਪਣਾ ਮੰਤਵ, ਉਦੇਸ਼ ਤੇ ਟੀਚਾ ਬਿਆਨ ਕੀਤਾ,▾▾ਅਸੀਂ ਦੇਸ਼ ਦੇ ਇਤਿਹਾਸ, ਇਸ ਦੀਆਂ ਹਾਲਤਾਂ ਤੇ ਆਦਰਸ਼ਾਂ ਦੇ ਗੰਭੀਰ, ਮਿਹਨਤੀ ਤੇ ਇਮਾਨਦਾਰ ਵਿਦਿਆਰਥੀ ਹਾਂ।---ਸਾਮਰਾਜੀ ਲੁਟੇਰਿਆਂ ਨੂੰ ਇਹ ਚਾਨਣ ਹੋ ਜਾਵੇ ਕਿ ਵਿਅੱਕਤੀਆਂ ਨੂੰ ਮਾਰ ਕੇ ਉਹ ਵਿਚਾਰਾਂ ਨੂੰ ਨਾਸ਼ ਨਹੀਂ ਕਰ ਸਕਦੇ। -- ਸਾਡਾ ਮਨੋਰਥ ਇੱਕ ਜੂਝਵਾਂ ਸੰਗ੍ਰਾਮ ਰਚਾਉਣਾ ਹੈ ਜਿਹੜਾ ਸਾਰੀਆਂ ਰੁਕਾਵਟਾਂ ਨੂੰ ਪਰ੍ਹਾਂ ਵਗਾਹ ਮਾਰੇਗਾ ਅਤੇ ਕਿਰਤੀਆਂ ਦੀ ਸਰਦਾਰੀ ਦੀ ਸਥਾਪਨਾ ਕਰੇਗਾ ਤੇ ਇਸ ਤਰ੍ਹਾਂ ਇਨਕਲਾਬ ਦੇ ਆਦਰਸ਼ ਦੀ ਸਥਾਪਤੀ ਦਾ ਰਾਹ ਪੱਧਰਾ ਕਰੇਗਾ।--ਜਨਤਾ ਦੀ ਪ੍ਰਭੁਸੱਤਾ ਨੂੰ ਕਾਇਮ ਕਰਨਾ ਕਿਰਤੀਆਂ ਦੀ ਮੰਜ਼ਿਲ ਹੈ। 12 ਜੂਨ ਦੇ ਬਿਆਨ ਵਿਚ ਹੋਰ ਸਪਸ਼ਟ ਕੀਤਾ - ਸਾਡੇ ਇਨਕਲਾਬ ਦਾ ਮਤਲਬ ਪੂੰਜੀਵਾਦੀ ਲੜਾਈਆਂ ਦੀ ਮੁਸੀਬਤ ਦਾ ਅੰਤ ਕਰਨਾ ਹੈ।

ਵਿਚਾਰਾਂ ਦਾ ਤੱਤ ਸਾਰ -- 20 ਅਕਤੂਬਰ, 1929 ਨੂੰ ਨੌਜਵਾਨਾਂ ਨੂੰ ਭੇਜਿਆ ਸੁਨੇਹਾ ਉਦੋਂ ਵੀ ਸਾਰਥਕ ਸੀ, ਅੱਜ ਵੀ ਹੈ ਤੇ ਅੱਗੋਂ ਵੀ ਮਾਰਗ ਦਰਸ਼ਕ ਦਾ ਕੰਮ ਕਰਦਾ ਰਹੇਗਾ। ਅਸੀਂਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ। ਫੈਕਟਰੀਆਂ ਵਿਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ ਝੁੱਗੀਆਂ ਤੇ ਪੇਂਡੂ ਝੌਂਪੜੀਆਂ ਵਿਚ ਨੌਜਵਾਨਾਂ ਨੇ ਇਨਕਲਾਬ ਦਾ ਸੁਨੇਹਾ ਦੇਸ਼ ਦੇ ਕੋਨੇ ਕੋਨੇ ਵਿਚ ਪੁਚਾਉਣਾ ਹੈ। ਉਸ ਇਨਕਲਾਬ ਦਾ ਸੁਨੇਹਾ ਜਿਹੜਾ ਅਜਿਹੀ ਆਜ਼ਾਦੀ ਲਿਆਏਗਾ ਜਿਸ ਵਿਚ ਆਦਮੀ ਦੇ ਹੱਥੋਂ ਆਦਮੀ ਦੀ ਲੁੱਟ-ਖਸੁੱਟ ਅਸੰਭਵ ਹੋ ਜਾਵੇਗੀ। ਭਗਤ ਸਿੰਘ ਦੇ ਸੁਲਝੇ ਹੋਏ ਵਿਚਾਰਾਂ ਦੀ ਪੁਸ਼ਟੀ ਉਸ ਦੁਆਰਾ ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ ਦੇ ਕਾਰਕੁਨਾਂ, ਹਮਦਰਦਾਂ ਅਤੇ ਦੇਸ਼ ਭਗਤ ਯੁਵਕਾਂ ਨੂੰ ਸੰਬੋਧਿਤ ਪੱਤਰ ਰਾਹੀਂ ਹੁੰਦੀ ਹੈ, ਜੋ 2 ਫ਼ਰਵਰੀ, 1931 ਦੇ ਪੰਜਾਬ ਕੇਸਰੀ ਵਿਚ ਪ੍ਰਕਾਸ਼ਤ ਹੋਇਆ। ''ਸਾਡਾ ਨਿਸ਼ਾਨਾ ਸੋਸਲਿਜ਼ਮ ਨੂੰ ਪਰਣਾਏ ਹਰ ਵਿਅੱਕਤੀ ਨੂੰ ਸੱਤਾ ਵਿਚ ਭਾਈਵਾਲ ਬਨਾਉਣਾ ਹੈ। ਇਸ ਮੰਤਵ ਲਈ ਮਿਹਨਤਕਸ਼ ਜਨਸਮੂਹ ਨੂੰ ਜਾਗ੍ਰਿਤ ਕਰਨਾ ਹੋਵੇਗਾ।-- ਮੈਂ ਠੋਸ ਆਦਰਸ਼ਾਂ ਅਤੇ ਸਿਧਾਂਤਾਂ ਉੱਤੇ ਪਹਿਰਾ ਦੇਣ ਵਾਲਾ ਇਨਕਲਾਬੀ ਹਾਂ।-- ਬੰਬ ਸਾਡੇ ਮਨੋਰਥ ਪੂਰੇ ਨਹੀਂ ਕਰ ਸਕਦੇ। ਇਹ ਕੇਵਲ ਕੁੱਝ ਖਾਸ ਮੌਕਿਆਂ ਤੇ ਹੀ ਵਰਤਣੇ ਹੁੰਦੇ ਹਨ।''

ਵਿਲੱਖਣ ਖ਼ੂਬੀਆਂ ਭਰੀ ਸ਼ਖ਼ਸੀਅਤ -- ਭਗਤ ਸਿੰਘ ਦੀ ਪ੍ਰਤਿਭਾ ਲਾ-ਮਿਸਾਲ ਅਤੇ ਬਹੁ-ਪੱਖੀ ਸੀ। ਉਸ ਨੇ ਅਧਿਐਨ ਰਾਹੀਂ ਜ਼ਿੰਦਗੀ ਦੇ ਹਰੇਕ ਪਹਿਲੂ ਬਾਰੇ ਗੂੜ੍ਹਾ ਗਿਆਨ ਪ੍ਰਾਪਤ ਕੀਤਾ। ਹਰ ਵਿਸ਼ੇ ਤੇ ਆਪਣੇ ਪਰਪੱਕ ਵਿਚਾਰ ਸਾਹਮਣੇ ਲਿਆਂਦੇ। ਅਧਿਅਨ ਕਰਨ ਦੀ ਜਗਿਆਸਾ ਬਾਰੇ ▾ਮੈਂ ਨਾਸਤਕ ਕਿਉਂ ਹਾਂ▾ ਵਿਚ ਲਿਖਿਆ ਹੈ,▾▾ਇਹ ਮੇਰੇ ਜੀਵਨ ਵਿਚ ਆਇਆ ਵੱਡਾ ਮੋੜ ਸੀ। ਅਧਿਐਨ ਕਰਨ ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਐਨ ਕਰ ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ਼ ਤਸ਼ੱਦਦ ਦੇ ਤੌਰ-ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਸ ਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ।ਉਪ੍ਰੋਕਤ ਵਿਚਾਰਾਂ ਤੋਂ ਇਹ ਭਾਵ ਲੈਣਾ ਉਚਿਤ ਨਹੀਂ ਹੋਵੇਗਾ ਕਿ ਹਥਿਆਰਬੰਦ ਕਾਰਵਾਈਆਂ ਹਿੰਸਕ ਜਾਂ ਗ਼ਲਤ ਸਨ। ਇਨਕਲਾਬੀਆਂ ਲਈ ਹਿੰਸਾ ਦੀ ਪ੍ਰੀਭਾਸ਼ਾ ਤਾਂ ਹਾਕਮ ਜਮਾਤ ਵੱਲੋਂ ਨਿਹੱਥੀ ਜਨਤਾ ਤੇ ਕੀਤੇ ਜ਼ੁਲਮਾਂ ਤੇ ਲਾਗੂ ਹੁੰਦੀ ਹੈ, ਉਸ ਦਾ ਤੋੜ ਜਵਾਬ ਦੇਣ ਨੂੰ ਹਿੰਸਾ ਨਹੀਂ ਮੰਨਿਆਂ ਜਾ ਸਕਦਾ। ਇਹ ਠੀਕ ਹੈ ਕਿ ਉਸ ਦੇ ਵਿਚਾਰ ਇਨਕਲਾਬ ਦੀ ਵਿਉਂਤ-ਬੰਦੀ ਅਤੇ ਢੰਗ-ਤਰੀਕਿਆਂ ਬਾਰੇ ਬਹੁਤਾ ਲੋਕ-ਜਾਗ੍ਰਤੀ ਅਤੇ ਸ਼ਾਂਤਮਈ ਅੰਦੋਲਨ ਵੱਲ ਆ ਟਿਕੇ ਸਨ, ਪਰ ਸ਼ੁਰੂ ਤੋਂ ਅਖੀਰ ਤੱਕ ਕਿਤੇ ਕਿਤੇ ਖਾੜਕੂ ਕਾਰਵਾਈ ਨੂੰ ਜਾਇਜ਼ ਤੇ ਜ਼ਰੂਰੀ ਦਰਸਾਇਆ ਗਿਆ ਹੈ, ਜਿਸ ਨੂੰ ਉਹ ਅਹਿੰਸਕ ਅੰਦੋਲਨ ਦੇ ਹਥਿਆਰਬੰਦ ਦਸਤੇ ਦਾ ਨਾਂ ਦਿੰਦਾ ਹੈ। ਸਾਰਾ ਇਤਿਹਾਸ ਇਸ ਪੈਂਤੜੇ ਦੀ ਸਾਰਥਕਤਾ ਦੀ ਗਵਾਹੀ ਭਰਦਾ ਹੈ। ਦਸੰਬਰ 1929 ਨੂੰ ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ ਦੇ ਮੈਨੀਫੈਸਟੋ ਵਿਚ ਲਿਖਦੇ ਹਨ, ਅਸੀਂ ਹਿੰਸਾ ਵਿਚ ਵਿਸ਼ਵਾਸ ਰਖਦੇ ਹਾਂ, ਆਪਣੇ ਆਪ ਵਿਚ ਅੰਤ ਦੇ ਤੌਰ ਤੇ ਨਹੀਂ, ਸਗੋਂ ਇੱਕ ਨੇਕ ਸਿੱਟੇ ਲਈ ਢੰਗ-ਤਰੀਕੇ ਦੇ ਤੌਰ ਤੇ।

1927 ਤੋਂ 1931 ਤੱਕ ਦੇ ਚਾਰ ਸਾਲ ਭਗਤ ਸਿੰਘਦੀ ਇਨਕਲਾਬੀ ਜ਼ਿੰਦਗੀ ਦਾ ਸਿਖਰ ਸਨ - ਦੋ ਸਾਲ ਜੇਲ੍ਹ ਤੋਂ ਬਾਹਰ ਤੇ ਦੋ ਸਾਲ ਜੇਲ੍ਹ ਦੇ ਅੰਦਰ। ਇਸ ਸਮੇਂ ਦੌਰਾਨ ਉਸ ਨੇ ਪੂਰੀ ਸਦੀ ਜਿਤਨਾ ਕੰਮ ਕਰ ਵਿਖਾਇਆ। ਉਸ ਨੂੰ ਪੜ੍ਹਨ, ਵਿਚਾਰਨ, ਕਾਰਵਾਈਆਂ ਵਿਉਂਤ ਕੇ ਨੇਪਰੇ ਚੜ੍ਹਾਉਣ, ਵਿਚਾਰਾਂ ਦਾ ਪਰਚਾਰ ਕਰਨ ਅਤੇ ਨੁਕਤਾਚੀਨ ਵਿਰੋਧੀਆਂ ਦਾ ਠੋਕਵਾਂ ਜਵਾਬ ਦੇਣ ਵਿਚ ਲੋਹੜੇ ਦੀ ਪ੍ਰਬੀਨਤਾ ਹਾਸਲ ਸੀ। ਤਾਂ ਹੀ ਤਾਂ ਰੌਸ਼ਨੀ ਦੀ ਰਫ਼ਤਾਰ ਨਾਲ ਸਭ ਕੁਛ ਨਿਬੇੜ ਸਕਿਆ।

ਅਦੁਤੀ ਸ਼ਖ਼ਸੀਅਤ -- ਭਗਤ ਸਿੰਘ ਅਜਿਹੇ ਬਾ-ਕਮਾਲ ਕਾਰਨਾਮੇ ਕਿਉਂ ਤੇ ਕਿਵੇਂ ਕਰ ਸਕਿਆ, ਇਸ ਦਾ ਜਵਾਬਉਸ ਦੀ ਸ਼ਖ਼ਸੀਅਤ ਵਿੱਚੋਂ ਆਪ ਮੁਹਾਰੇ ਉਘੜਦਾ ਹੈ। ਉਸ ਦਾ ਪਿਛੋਕੜ ਉਸ ਨੂੰ ਇੱਕ ਦਮ ਆਜ਼ਾਦੀ ਘੁਲਾਟੀਆਂ ਦੀਆਂ ਸਫ਼ਾਂ ਵਿਚ ਲੈ ਆਇਆ ਸੀ। ਉਸ ਦਾ ਜਜ਼ਬਾ, ਉਸ ਦਾ ਝੁਕਾਅ, ਉਸ ਦੀ ਜਗਿਆਸਾ, ਡੂੰਘੀ ਨੀਝ ਨਾਲ ਨਿਰਖਣ-ਪਰਖਣ ਦਾ ਵੱਲ, ਕਿਤਾਬਾਂ ਦਾ ਅਧਿਐਨ ਕਰਨ, ਵਾਚਣ, ਸਮਝਣ, ਬੁੱਧੀ-ਵਿਵੇਕ ਰਾਹੀਂ ਖੋਜ-ਪੜਤਾਲ ਕਰ ਕੇ ਅਸਰਾਂ- ਨਤੀਜਿਆਂ ਨੂੰ ਅਪਨਾਉਣ ਦੀ ਅਸੀਮ ਸਮਰੱਥਾ ਅਤੇ ਪ੍ਰਤਿਭਾ ਉਸ ਦੇ ਉੱਚ ਪਾਏ ਦੇ ਗੁਣ ( ਟਰੇਟ ) ਸਨ। ਤਤਕਾਲੀਨ ਹਾਲਾਤਾਂ ਤੇ ਲਹਿਰਾਂ ਦਾ ਅਸਰ ਗ੍ਰਹਿਣ ਕਰ ਕੇ ਅੱਗੇ ਵਧਣ ਲਈ ਹੌਸਲਾ, ਦਲੇਰੀ, ਦ੍ਰਿੜ੍ਹਤਾ, ਅਕੀਦੇ ਵਿਚ ਅਟੱਲ ਵਿਸ਼ਵਾਸ ਉਸ ਨੂੰ ਕ੍ਰਾਂਤੀਕਾਰੀ ਲੀਹਾਂ ਤੇ ਮਜ਼ਬੂਤੀ ਨਾਲ ਤੋਰਦੇ ਗਏ। ਤਰਕ ਅਤੇ ਵਿਗਿਆਨਕ ਸੋਚ ਨਾਲ ਕਿਤਾਬੀ ਗਿਆਨ ਨੂੰ ਕਿਸੇ ਵੀ ਆਲੋਚਨਾ ਦਾ ਮੂੰਹ-ਤੋੜ ਜਵਾਬ ਦੇਣ ਲਈ ਵਰਤਣ ਦੀ ਜੁਗਤ ਉਸ ਨੂੰ ਆਮ ਕ੍ਰਾਂਤੀਕਾਰੀ ਸਾਥੀਆਂ ਨਾਲੋਂ ਉਚੇਰਾ ਕਰਦੀ ਹੈ। ਉੱਚੀ ਸੋਚ, ਨਿੱਗਰ ਵਿਚਾਰਾਂ ਅਤੇ ਸ਼ਹਾਦਤ ਦੇ ਉੱਚੇ ਆਦਰਸ਼ਾਂ ਦਾ ਮੁਦੱਈ ਸੀ ਭਗਤ ਸਿੰਘ। ਆਪਣੇ ਵਿਚਾਰਾਂਨੂੰ ਪਰਚਾਰਨ ਲਈ ਸਹੀ ਭਾਸ਼ਾ, ਸਹੀ ਮੌਕਾ ਤੇ ਸਹੀ ਤਰੀਕਾ ਵਰਤਣ ਦੀ ਕਲਾ ਉਸ ਦੀ ਵਿਸ਼ੇਸ਼ਤਾ ਸੀ। ਉਹ ਅਧਿਐਨ ਅਤੇ ਤਜਰਬੇ ਰਾਹੀਂ ਜੋ ਸਿਖਦਾ ਸੀ, ਉਸ ਨੂੰ ਆਪਣੀ ਪ੍ਰਤਿਭਾ ਦੀ ਕੁਠਾਲੀ ਵਿਚ ਢਾਲ ਕੇ ਹੋਰ ਵੀ ਸਾਰਥਕ ਤੇ ਅਭਿਆਸੀ ਰੂਪ ਦੇ ਦਿੰਦਾ ਸੀ। ਇਹੀ ਵਿਚਾਰ ਆਉਣ ਵਾਲੇ ਸਮਿਆਂ ਤੱਕ ਕਾਰਗਰ ਸਾਬਤ ਹੁੰਦੇ ਰਹਿਣਗੇ। ਉਸ ਵਿਚ ਸਹੀ ਸਮੇਂ ਤੇ ਉਚਿਤ ਕਾਰਵਾਈ ਲੋੜੀਂਦੀ ਤੇਜ਼ੀ ਤੇ ਸਾਵਧਾਨੀ ਨਾਲ ਵਿਉਂਤਣ ਤੇ ਸਿਰੇ ਲਾਉਣ ਦੀ ਕਾਬਲੀਅਤ ਸੀ। ਆਪਾ-ਪੜਚੋਲ ਉਸ ਦਾ ਨਿਰਾਲਾ ਗੁਣ ਸੀ। ਸਭ ਤੋਂ ਵਧ ਕੇ ਉਸ ਨੂੰ ਆਸ਼ਾਵਾਦੀ ਸੁਨਹਿਰੇ ਭਵਿੱਖ ਦੀ ਤਸਵੀਰ ਵੇਖਣ ਅਤੇ ਉਲੀਕਣ ਦੀ ਜਾਚ ਸੀ।

ਭਗਤ ਸਿੰਘ ਨੂੰ ਹਰੇਕ ਕੰਮ ਨਿਬੇੜਨ ਦੀ ਕਾਹਲੀ ਸੀ ਜੋ ਬੇ-ਲੋੜੀ ਨਹੀਂ ਸੀ। ਇੱਥੋਂ ਤੱਕ ਕਿ ਆਪਣੀ ਸ਼ਹਾਦਤ ਨੂੰ ਵੀ ਬੇ-ਸਬਰੀ ਤੇ ਤੀਬਰਤਾ ਨਾਲ ਉਡੀਕ ਰਿਹਾ ਸੀ। ਸ਼ਹੀਦੀ ਤੋਂ ਇੱਕ ਦਿਨ ਪਹਿਲਾਂ ਆਪਣੇ ਕੈਦੀ ਸਾਥੀਆਂ ਨੂੰ ਭੇਜੇ ਨੋਟ ਵਿਚ ਲਿਖਿਆ,--ਮੈਨੂੰ ਅੱਜ ਕੱਲ੍ਹ ਆਪਣੇ ਆਪ ਉੱਤੇ ਬਹੁਤ ਨਾਜ਼ ਹੈ। ਹੁਣ ਤਾਂ ਬੜੀ ਬੇ-ਤਾਬੀ ਨਾਲ ਆਖ਼ਰੀ ਇਮਤਿਹਾਨ ਦੀ ਉਡੀਕ ਹੈ। ਆਰਜ਼ੂ ਹੈ ਕਿ ਇਹ ਹੋਰ ਨੇੜੇ ਹੋ ਜਾਏ। ਉਸ ਦੀ ਇਹ ਖ਼ਾਹਿਸ਼ ਉਦੋਂ ਪੂਰੀ ਹੋ ਗਈ ਜਦੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ 24 ਮਾਰਚ, ਸਵੇਰੇ 6 ਵਜੇ ਦੀ ਬਜਾਏ 23 ਮਾਰਚ, ਸ਼ਾਮ ਨੂੰ 7 ਵਜੇ ਫਾਂਸੀ ਦੇ ਦਿੱਤੀ ਗਈ - ਮਿਥੇ ਹੋਏ ਸਮੇਂ ਤੋਂ ਵੀ ਗਿਆਰਾਂ ਘੰਟੇ ਪਹਿਲਾਂ।

ਇਹ ਵੀ ਇੱਕ ਅਚੰਭਾ ਹੀ ਹੈ ਕਿ ਕਿਵੇਂ ਇੱਕ ਤੇਈ ਸਾਲ ਦਾ ਪਲ੍ਹਰਦਾ ਨੌਜਵਾਨ ਮਜ਼ਬੂਤ ਵਿਚਾਰਾਂ ਨਾਲ ਇਹ ਕਹਿ ਸਕਣ ਦੇ ਕਾਬਲ ਹੋਇਆ, ਜੋ ਉਸ ਨੇ ਕੈਦੀ ਸਾਥੀਆਂ ਸਮੇਤ ਜੇਲ੍ਹ ਅੰਦਰੋਂ 21 ਜਨਵਰੀ, 1930 ਵਾਲੇ ਦਿਨ ਲੈਨਿਨ ਨੂੰ ਜਨਮ ਦਿਨ ਤੇ ਭੇਜੀ ਵਧਾਈ ਦੀ ਤਾਰ ਵਿਚ ਅੰਕਿਤ ਕੀਤਾ, ਅਸੀਂ ਆਪਣੇ ਆਪ ਨੂੰ ਆਲਮੀ ਇਨਕਲਾਬੀ ਤਹਿਰੀਕ ਨਾਲ ਜੋੜਨ ਦੇ ਖ਼ਾਹਿਸ਼ਮੰਦ ਹਾਂ। ਮਜ਼ਦੂਰਾਂ ਦੇ ਰਾਜ ਦੀ ਜਿੱਤ ਹੋਵੇ, ਸਾਮਰਾਜ ਖ਼ਤਮ ਹੋਵੇ, ਸਾਮਰਾਜ ਮੁਰਦਾਬਾਦ।ਜਿਉਂ ਜਿਉਂ ਸਮਾਂ ਬੀਤੇਗਾ, ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਸ਼ਖ਼ਸੀਅਤ ਹੋਰ ਵੀ ਉੱਘੜ ਕੇ ਸਾਹਮਣੇ ਆਉਂਦੀ ਰਹੇਗੀ। ਸਮਾਂ ਆਵੇਗਾ ਜਦੋਂ ਉਸ ਦੇ ਵਿਚਾਰ ਉਸ ਲੋਕ-ਜਾਗ੍ਰਤੀ ਦੀ ਪੈਰਵਾਈ ਕਰਨਗੇ ਜਿਹੜੀ ਉਸ ਦੇ ਸੁਪਨਿਆਂ ਦਾ ਰਾਜਸੀ ਤੇ ਸਮਾਜਕ ਢਾਂਚਾ ਤਿਆਰ ਕਰਨ ਦੀ ਰੀਝ ਨੂੰ ਸਾਕਾਰ ਕਰੇਗੀ।




## ਕਨੇਡਾ ਦੇ ਸਾਬਕਾ ਮੰਤਰੀ ਨਵਦੀਪ ਬੈਂਸ ਗਲੋਬਲ ਇਨਵੈਸਟਮੈਂਟ ਬੈਂਕਿੰਗ ਦੇ ਉਪ-ਚੇਅਰਮੈਨ ਵਜੋਂ ਸੀਆਈਬੀਸੀ ਵਿੱਚ ਸ਼ਾਮਲ ਹੋਣਗੇ

ਟੋਰਾਂਟੋ -(ਬਲਜਿੰਦਰ ਸੇਖਾ )ਸੀਆਈਬੀਸੀ ਬੈਂਕ ਨੇ ਅੱਜ ਐਲਾਨ ਕੀਤਾ ਕਿ ਸਾਬਕਾ ਮੰਤਰੀ ਨਵਦੀਪ ਬੈਂਸ 4 ਅਕਤੂਬਰ, 2021 ਤੋਂ ਗਲੋਬਲ ਇਨਵੈਸਟਮੈਂਟ ਬੈਂਕਿੰਗ ਦੇ ਉਪ-ਚੇਅਰਮੈਨ ਵਜੋਂ ਬੈਂਕ ਵਿੱਚ ਸ਼ਾਮਲ ਹੋਣਗੇ। ਖੇਤਰ, ਅਤੇ ਉਸਦੀ ਨਵੀਂ ਭੂਮਿਕਾ ਲਈ ਕੈਨੇਡਾ ਦੀ ਨਵੀਨਤਾਕਾਰੀ ਨੀਤੀ ਨੂੰ ਰੂਪ ਦੇਣ ਵਿੱਚ ਡੂੰਘੀ ਮੁਹਾਰਤ. ਸੀਆਈਬੀਸੀ ਦੀ ਪੂੰਜੀ ਬਾਜ਼ਾਰ ਟੀਮ ਦੇ ਹਿੱਸੇ ਵਜੋਂ, ਉਹ ਵਿਸ਼ਵ ਪੱਧਰ 'ਤੇ ਸੀਨੀਅਰ ਪੱਧਰ ਦੇ ਕਲਾਇੰਟ ਸੰਬੰਧਾਂ ਅਤੇ ਕਾਰੋਬਾਰ ਦੇ ਵਿਕਾਸ ਨੂੰ ਵਿਕਸਤ ਕਰਨ ਅਤੇ ਉਤਸ਼ਾਹਤ ਕਰਨ' ਤੇ ਧਿਆਨ ਕੇਂਦਰਤ ਕਰੇਗਾ।



ਗਲੋਬਲ ਇਨਵੈਸਟਮੈਂਟ ਬੈਂਕਿੰਗ ਦੇ ਮੈਨੇਜਿੰਗ ਡਾਇਰੈਕਟਰ ਅਤੇ ਮੁਖੀ, ਰੋਮਨ ਡੁਬਕਜਾਕ ਨੇ ਕਿਹਾ, ਨਵੀਨਤਾਕਾਰੀ ਅਤੇ ਤਕਨਾਲੋਜੀ ਖੇਤਰਾਂ ਵਿੱਚ ਸਾਡੇ ਗ੍ਰਾਹਕ ਤੇਜ਼ੀ ਨਾਲ ਬਦਲਦੇ ਵਾਤਾਵਰਣ ਵਿੱਚ ਆਪਣੇ ਮੌਕਿਆਂ ਦਾ ਵਿਸਤਾਰ ਕਰਨਾ ਚਾਹੁੰਦੇ ਹਨ, ਅਤੇ ਨਵਦੀਪ ਦਾ ਅਨੁਭਵ ਉਸ ਦ੍ਰਿਸ਼ਟੀਕੋਣ ਅਤੇ ਸਲਾਹ ਨੂੰ ਵਧਾਏਗਾ ਜੋ ਅਸੀਂ ਪੇਸ਼ ਕਰ ਸਕਦੇ ਹਾਂ। ਸਤਿਕਾਰਯੋਗ ਲੀਜ਼ਾ ਰਾਇਟ ਦੇ ਨਾਲ, ਸਾਡੀ ਸੀਨੀਅਰ ਸਲਾਹਕਾਰ ਟੀਮ ਜਨਤਕ ਅਤੇ ਉਦਯੋਗਿਕ ਨੀਤੀ ਦੇ ਮੁੱਦਿਆਂ ਬਾਰੇ ਬੇਮਿਸਾਲ ਜਾਣਕਾਰੀ ਪ੍ਰਦਾਨ ਕਰੇਗੀ।

ਉੱਦਮੀਅਤ ਦਾ ਸਮਰਥਨ ਕਰਨ ਅਤੇ ਆਪਣੇ ਭਾਈਚਾਰੇ ਦੀ ਸੇਵਾ ਕਰਨ ਲਈ ਵਚਨਬੱਧ, ਸ੍ਰੀ ਬੈਂਸ ਨੇ 2004 ਵਿੱਚ ਸੰਘੀ ਰਾਜਨੀਤੀ ਵਿੱਚ ਤਬਦੀਲੀ ਕਰਦਿਆਂ, ਇੱਕ ਵਿੱਤੀ ਵਿਸ਼ਲੇਸ਼ਕ ਵਜੋਂ ਆਪਣਾ ਕਰੀਅਰ ਸ਼ੁਰੂ ਕੀਤਾ। ਹਾਲ ਹੀ ਵਿੱਚ, ਉਸਨੇ ਨਵੀਨਤਾਕਾਰੀ, ਵਿਗਿਆਨ ਅਤੇ ਉਦਯੋਗ ਮੰਤਰੀ ਵਜੋਂ ਸੇਵਾ ਨਿਭਾਈ, ਅਤੇ ਇਸਦੀ ਵਿਸ਼ਾਲ ਸ਼੍ਰੇਣੀ ਵਿੱਚ ਡੂੰਘੀ ਮੁਹਾਰਤ ਹੈ ਅੰਤਰਰਾਸ਼ਟਰੀ ਵਪਾਰ, ਸਰਕਾਰੀ ਕੰਮਕਾਜ, ਸਥਿਰਤਾ, ਛੋਟੇ ਕਾਰੋਬਾਰ ਅਤੇ ਮਨੁੱਖੀ ਅਧਿਕਾਰਾਂ ਸਮੇਤ ਨੀਤੀ ਦੇ ਮੁੱਦੇ. ਇੱਕ ਕਮਿਊਨਟੀ ਐਡਵੋਕੇਟ ਦੇ ਰੂਪ ਵਿੱਚ, ਉਸਨੇ ਮਿਸੀਸਾਗਾ ਫੂਡ ਬੈਂਕ ਅਤੇ ਹਾਰਟ ਐਂਡ ਸਟ੍ਰੋਕ ਫਾਉਂਡੇਸ਼ਨ ਦੇ ਨਾਲ ਬੋਰਡ ਦੇ ਅਹੁਦਿਆਂ ਤੇ ਕੰਮ ਕੀਤਾ ਹੈ।



# ਭਗਤ ਸਿੰਘ ਜਿਹੇ ਕੌਮੀ ਸ਼ਹੀਦ ਨੂੰ ਸਿਆਸੀਵਾਦ ਤੇ ਰੂੜ੍ਹੀਵਾਦ ਵਿੱਚ ਨਾ ਜਕੜਿਆ ਜਾਵੇ



ਦਲਬੀਰ ਸਿੰਘ ਧਾਲੀਵਾਲ
86993-22704

ਸਾਨੂੰ ਭਾਰਤ ਵਾਸੀਆਂ ਨੂੰ ਇਸ ਗੱਲ ਦਾ ਬਹੁਤ ਫ਼ਖ਼ਰ ਹੋਣਾ ਚਾਹੀਦਾ ਕਿ ਸਾਡੇ ਦੇਸ਼ ਵਿੱਚ ਸ. ਭਗਤ ਸਿੰਘ ਜਿਹੇ ਮਹਾਨ ਆਜ਼ਾਦੀ ਪ੍ਰਵਾਨੇ ਪੈਦਾ ਹੋਏ ਜਿੰਨਾਂ ਨੇ ਆਪਣੀਆਂ ਜੁਆਨੀਆਂ ਅਤੇ ਸਾਰੀਆਂ ਖੁਸ਼ੀਆਂ ਫਾਂਸੀ ਤਖਤਿਆਂ ਦੇ ਲੇਖੇ ਲਾ ਕੇ ਸਾਨੂੰ ਗੁਲਾਮੀ ਦੇ ਉਸ ਕੋਹੜ ਤੋਂ ਮੁਕਤ ਕਰਵਾਇਆ ਜਿਸ ਗੁਲਾਮੀ ਬਾਰੇ ਇੱਕ ਕਵਿ ਨੇ ਲਿਖਿਆ ਹੈ ਕਿ

"ਗੁਲਾਮੀ ਦੇ ਬੂਟੇ ਦੀ ਕੋਈ ਛਾਂ ਨਹੀਂ ਹੁੰਦੀ,
ਗੁਲਾਮਾਂ ਦੀ ਤਾਂ ਕੋਈ ਵੀ ਥਾਂ ਨਹੀਂ ਹੁੰਦੀ,
ਜੁਬਾਂ ਹੁੰਦਿਆ ਹੋਇਆਂ ਵੀ ਜੁਬਾਂ ਨਹੀਂ ਹੁੰਦੀ"

ਬੇਸ਼ੱਕ ਸ. ਭਗਤ ਸਿੰਘ ਹੋਰਾਂ ਦੀਆਂ ਸ਼ਹਾਦਤਾਂ ਬਦਲੇ ਸਾਨੂੰ 15 ਅਗਸਤ 1947 ਨੂੰ ਮਿਲੀ ਆਜ਼ਾਦੀ ਉਪਰੰਤ ਸਾਡਾ ਭਾਰਤ ਦੇਸ਼ ਦੋ ਮੁਲਕਾਂ ਪਾਕਿਸਤਾਨ ਅਤੇ ਹਿੰਦੁਸਤਾਨ ਵਿੱਚ ਵੰਡਿਆ ਗਿਆ ਸੀ ਜਦੋਂ ਕਿ ਅਜਿਹੀ ਵੰਡ ਵੰਡਾਈ ਸਾਡੇ ਇਹ ਆਜ਼ਾਦੀ ਪ੍ਰਵਾਨੇ ਨਹੀਂ ਸਨ ਚਾਹੁੰਦੇ . ਉਨ੍ਹਾਂ ਦੀਆਂ ਸ਼ਹਾਦਤਾਂ ਤਾਂ ਸਾਡੇ ਭਾਰਤ ਦੇ ਸਮੁੱਚੇ ਲੋਕਾਂ ਲਈ ਸਨ ਨਾ ਕਿ ਕਿਸੇ ਖਾਸ ਫਿਰਕੇ, ਜਾਤ ਜਾਂ ਧਰਮ ਲਈ ਸਨ . ਇਹ ਤਾਂ ਚੌਧਰਾ ਦੇ ਭੁੱਖੇ ਸਾਡੇ ਸਿਆਸੀ ਆਗੂਆਂ ਦੀ ਲਾਲਸਾ ਹੀ ਸੀ ਜੋ ਦੋ ਧਰਮਾਂ (ਮੁਸਲਮਾਨ ਤੇ ਹਿੰਦੂ) ਦੇ ਅਧਾਰ ਤੇ ਪਾਕਿਸਤਾਨ ਅਤੇ ਹਿੰਦੁਸਤਾਨ ਬਣਾ ਕੇ ਆਪਣੇ ਆਪਣੇ ਮੁਲਕਾਂ ਦੇ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਬਣਨ ਲਈ ਕਾਹਲੇ ਸਨ . ਪ੍ਰੰਤੂ ਮੰਦਭਾਗੀ ਗੱਲ ਤਾਂ ਇਹ ਹੋਈ ਹੈ ਕਿ ਆਪਣੀਆਂ ਇਹ ਲਾਲਸਾਵਾਂ ਪੂਰੀਆਂ ਹੋ ਜਾਣ ਦੇ ਬਾਵਜੂਦ ਵੀ ਇੰਨ੍ਹਾਂ ਲੀਡਰਾਂ ਨੂੰ ਸਬਰ ਨਹੀਂ ਹੋਇਆ ਅਤੇ ਇੰਨ੍ਹਾਂ ਨੇ ਸਾਡੇ ਇੰਨ੍ਹਾਂ ਸਾਂਝੇ ਸ਼ਹੀਦਾਂ ਨੂੰ ਵੀ ਅਲੱਗ ਜਾਤਾਂ, ਫਿਰਕਿਆਂ ਅਤੇ ਮੁਲਕਾਂ ਨਾਲ ਜੋੜ ਕੇ ਵੰਡ ਲਿਆ ਹੈ . ਇਹ ਲੀਡਰ ਇੰਨ੍ਹਾਂ ਸ਼ਹੀਦਾਂ ਦੇ ਅਹਿਸਾਨਾਂ ਤੇ ਕੁਰਬਾਨੀਆਂ ਪ੍ਰਤੀ ਇੰਨੇ ਨਾਸ਼ੁਕਰੇ ਬਣ ਗਏ ਹਨ ਜਿਸ ਦੀਆਂ ਮਿਸਾਲਾਂ ਅੱਜ ਅਸੀਂ ਵੇਖ ਰਹੇ ਹਾਂ .

ਪਹਿਲੀ ਮਿਸਾਲ ਤਾਂ ਇਹ ਹੈ ਕਿ ਬੇਸ਼ੱਕ ਭਗਤ ਸਿੰਘ ਦਾ ਜਨਮ ਅਣਵੰਡੇ ਭਾਰਤ ਦੇਸ਼ ਦੇ ਸੂਬਾ ਪੰਜਾਬ ਵਿੱਚ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ ਵਿੱਚ) ਦੇ ਪਿੰਡ ਬੰਗਾ (ਚੱਕ ਨੰ: 105) ਵਿਖੇ ਦੇਸ਼ ਭਗਤ ਪਰਿਵਾਰ ਵਿੱਚ ਪੂਜਨੀਕ ਮਾਤਾ ਵਿਦੀਆਵਤੀ ਜੀ ਦੀ ਕੁੱਖੋਂ, ਦੇਸ਼ ਭਗਤ ਪਿਤਾ ਸ. ਕਿਸ਼ਨ ਸਿੰਘ ਅਤੇ ਇਨਕਲਾਬੀ ਚਾਚਾ ਅਜੀਤ ਸਿੰਘ ਹੋਰਾਂ ਦੇ ਘਰ 28 ਸਤੰਬਰ 1907 ਨੂੰ ਹੋਇਆ ਸੀ ਅਤੇ ਇਹ ਪਰਿਵਾਰ ਦੇਸ਼ ਵੰਡ ਤੋਂ ਬਾਅਦ ਸਾਡੇ ਮੌਜੂਦਾ ਸੂਬਾ ਪੰਜਾਬ ਦੇ ਪਿੰਡ ਖਟਕੜ ਕਲਾਂ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਖੇ ਵਸ ਗਿਆ ਸੀ ਫਿਰ ਵੀ ਭਗਤ ਸਿੰਘ ਸ਼ਹੀਦ ਤਾਂ ਦੋਵਾਂ ਮੁਲਕਾਂ ਦਾ ਸਾਂਝਾ ਹੀ ਸੀ ਪ੍ਰੰਤੂ ਬਹੁਤ ਅਫ਼ਸੋਸ ਹੈ ਕਿ ਪਾਕਿਤਸਾਨ ਵਿੱਚ ਲਾਹੌਰ ਦੇ ਕੇਂਦਰੀ ਹਿੱਸੇ ਵਾਲੇ ਸ਼ਾਮਦਾਨ ਚੌਂਕ ਵਿੱਚ ਜਿੱਥੇ ਭਗਤ ਸਿੰਘ ਅਤੇ ਸਾਥੀਆਂ ਨੂੰ ਇੱਥੇ ਲਾਹੌਰ ਜੇਲ੍ਹ ਵਿੱਚ 23 ਮਾਰਚ 1931 ਨੂੰ ਫਾਂਸੀ ਦਿੱਤੀ ਗਈ ਸੀ ਉਸ ਚੌਂਕ ਦਾ ਨਾਮ ਸ਼ਹੀਦ ਭਗਤ ਸਿੰਘ ਚੌਂਕ ਰੱਖਣ ਅਤੇ ਉੱਥੇ ਭਗਤ ਸਿੰਘ ਦਾ ਬੁੱਤ ਲਾਉਣ ਵਿੱਚ ਸਫਲਤਾ ਹਾਸਿਲ ਕਰਨ ਲਈ ਵੀ ਉਥੋਂ ਦੀ ਸ਼ਹੀਦ ਭਗਤ ਸਿੰਘ ਫਾਊਡੇਂਸ਼ਨ ਵੱਲੋਂ ਵੀ ਪਾਕਿਸਤਾਨ ਸਰਕਾਰ ਨਾਲ ਬਹੁਤ ਜਦੋਜਹਿਦ ਕਰਨੀ ਪਈ ਕਿਉਂਕਿ ਉਥੋਂ ਦੇ ਹੁਕਮਰਾਨ ਇਸ ਮਸਲੇ ਨੂੰ ਸਿਆਸੀ ਰੰਗਤ ਦੇ ਕੇ ਭਗਤ ਸਿੰਘ ਨੂੰ ਇੱਕ ਸਿੱਖ ਤੇ ਹਿੰਦੁਸਤਾਨੀ ਕਹਿ ਕੇ ਨਾਹ ਨੁਕਰ ਕਰ ਰਹੇ ਸਨ .

ਦੂਜੀ ਮਿਸਾਲ ਸਾਡੇ ਆਪਣੇ ਹੀ ਆਜ਼ਾਦ ਭਾਰਤ ਦੀ ਹੀ ਹੈ ਜਿੱਥੇ ਸ਼ਹੀਦ ਭਗਤ ਸਿੰਘ ਦਾ ਪਰਿਵਾਰਿਕ ਸਬੰਧ ਪੰਜਾਬ ਨਾਲ ਹੋਣ ਕਰਕੇ ਉਸ ਨੂੰ ਪੰਜਾਬੀ ਮੰਨਦੇ ਹੋਏ ਹਰਿਆਣਾ ਸੂਬੇ ਦੇ ਲੀਡਰ ਵੀ ਉਸ ਨੂੰ ਸਾਂਝਾ ਸ਼ਹੀਦ ਨਾ ਮੰਨਣ ਵਾਲੀ ਭਾਵਨਾ ਦੇ ਸ਼ਿਕਾਰ ਹਨ . ਇੰਨ੍ਹਾਂ ਲੀਡਰਾਂ ਦੀ ਖੋਟੀ ਨੀਯਤ ਦੀ ਮਿਸਾਨ ਇਹ ਹੈ ਕੁੱਝ ਸਾਲ ਪਹਿਲਾਂ ਮੁਹਾਲੀ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਸ. ਭਗਤ ਸਿੰਘ ਦੇ ਨਾਮ ਤੇ ਰੱਖਣ ਵਾਲੀ ਪੰਜਾਬ ਸਰਕਾਰ ਦੀ ਤਜਵੀਜ ਨਾਲ ਰਜਾਮੰਦ ਨਾ ਹੁੰਦੇ ਹੋਏ ਹਰਿਆਣਾ ਸਰਕਾਰ ਨੇ ਇੱਕ ਪੁਰਾਤਨ ਆਰ.ਐਸ.ਐਸ. ਲੀਡਰ ਨੂੰ ਸ਼ਹੀਦ ਕਹਿ ਕੇ ਉਸ ਦਾ ਨਾਮ ਪੇਸ਼ ਕਰ ਦਿੱਤਾ ਗਿਆ . ਸਭ ਤੋਂ ਵੱਧ ਅਫਸੋਸ ਤਾਂ ਉਦੋਂ ਹੋਇਆ ਜਦੋਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਜੋ ਸਾਰੇ ਦੇਸ਼ ਦੇ ਸਾਂਝੇ ਹੁੰਦੇ ਹਨ ਨੇ ਵੀ ਆਪਣੀ ਭਾਵਨਾ ਨੂੰ ਹਰਿਆਣੇ ਨਾਲ ਜੋੜਦੇ ਹੋਏ ਇਸ ਹਵਾਈ ਅੱਡੇ ਦੇ ਉਦਘਾਟਨ ਕਰਨ ਵੇਲੇ ਭਗਤ ਸਿੰਘ ਦੇ ਨਾਮ ਪ੍ਰਤੀ ਕੋਈ ਫੈਸਲਾਪੁੰਨ ਐਲਾਨ ਨਾ ਕੀਤਾ ਜੋ ਜ਼ਾਹਿਰ ਕਰਦਾ ਹੈ ਕਿ ਇਹ ਲੋਕ ਸਾਡੇ ਸ਼ਹੀਦਾਂ ਨੂੰ ਪੰਜਾਬ ਤੇ ਹਰਿਆਣਾ ਅਤੇ ਸਿੱਖ ਤੇ ਹਿੰਦੂ ਵਿੱਚ ਵੰਡੀ ਬੈਠੇ ਹਨ. ਖੈਰ ਕੁਝ ਲੋਕ ਅਜਿਹੇ ਵੀ ਹੋਏ ਹਨ ਜੋ ਧਰਮਾਂ ਤੋਂ ਉਪਰ ਉੱਠ ਕੇ ਭਗਤ ਸਿੰਘ ਦੀ ਵਿਚਾਰ ਧਾਰਾ ਦੇ ਦੀਵਾਨੇ ਰਹੇ ਹਨ ਜਿੰਨਾਂ ਦਾ ਅੱਜ ਵੀ ਭਾਰਤੀ ਇਤਿਹਾਸ ਵਿੱਚ ਮਾਣ ਨਾਲ ਜ਼ਿਕਰ ਹੁੰਦਾ ਹੈ . ਮਿਸਾਲ ਵਜੋਂ ਅੰਗਰੇਜ਼ ਸਰਕਾਰ ਦੀਆਂ ਖੁਫੀਆ ਫਾਇਲਾਂ ਅਨੁਸਾਰ ਇਕ ਇਤਿਹਾਸਕਾਰ ਨੂੰ ਪੰਜਾਬ ਦੇ ਇਕ ਸੀਨੀਅਰ ਆਈ.ਏ.ਐਸ ਅਧਿਕਾਰੀ ਸ੍ਰੀ ਰਵਿੰਦਰ ਕੁਮਾਰ ਕੌਸ਼ਕ ਤੋਂ ਜਾਣਕਾਰੀ ਮਿਲੀ ਸੀ ਕਿ ਭਗਤ ਸਿੰਘ ਤੇ ਸਾਥੀਆਂ ਨੂੰ ਲਾਹੌਰ ਜੇਲ ਵਿੱਚ ਜਦੋਂ ਫਾਂਸੀ ਹੋਈ ਸੀ ਤਾਂ ਉਸ ਜੇਲ੍ਹ ਦੇ ਡਿਪਟੀ ਸੁਪਰਡੈਂਟ ਮੁਹੰਮਦ ਅਕਬਰ ਖਾਨ ਜੋ ਮੌਕੇ ਤੇ ਮੌਜੂਦ ਸਨ ਉਹ ਇਸ ਫਾਂਸੀ ਤੋਂ ਦੁਖੀ ਹੋ ਕੇ ਹਮਦਰਦੀ ਵਜੋਂ ਆਪਣੇ ਅਥਰੂ ਨਹੀਂ ਰੋਕ ਸਕੇ ਸਨ, ਅਤੇ ਇਸ ਹਮਦਰਦੀ ਦਾ ਖਮਿਆਜ਼ਾ ਉਹਨਾ ਨੂੰ ਬਾਅਦ ਵਿੱਚ ਨੌਕਰੀ ਤੋਂ ਦਰਖਾਸਤੀ ਦੀ ਸੂਰਤ ਵਿੱਚ ਭੁਗਤਨਾ ਪਿਆ ਸੀ. ਇਸ ਦੇ ਉਲਟ ਹੀ ਇਸ ਇਤਿਹਾਸਕਾਰ ਵੱਲੋਂ ਕੁਝ ਸਰਕਾਰੀ ਖਿਦਮਤਕਾਰਾਂ ਦੀ ਇਹ ਜਾਣਕਾਰੀ ਵੀ ਦਿੱਤੀ ਗਈ ਹੈ ਕਿ ਭਗਤ ਸਿੰਘ ਹੋਰਾਂ ਦੇ ਅਦਾਲਤੀ ਕੇਸ ਵਿੱਚ 457 ਗਵਾਹ ਸਨ ਜਿਨ੍ਹਾ ਵਿੱਚ ਸਰਕਾਰੀ ਗਵਾਹਾਂ ਦੀ ਜੁੰਡਲੀ ਵਿੱਚ ਹੰਸਰਾਜ ਵੋਹਰਾ, ਜ਼ੈ ਗੁਪਾਲ, ਪੀ.ਐਨ.ਘੋਸ਼ ਤੇ ਮਨਮੋਹਨ ਬੈਨਰਜੀ ਵੱਲੋਂ ਭਗਤ ਸਿੰਘ ਤੇ ਸਾਥੀਆਂ ਦੇ ਵਿਰੁੱਧ ਦਿੱਤੀਆਂ ਗਵਾਹੀਆਂ ਬਦਲੇ ਜੈ ਗੋਪਾਲ ਨੂੰ 20,000 ਰੁਪਏ ਨਗਦ ਇਨਾਮ ਅਤੇ ਪੀ.ਐਨ ਘੋਸ਼ ਤੇ ਮਨਮੋਹਨ ਬੈਨਰਜੀ ਨੂੰ ਬਿਹਾਰ ਦੇ ਜ਼ਿਲ੍ਹਾ ਚੰਪਾਰਨ ਵਿੱਚ 50-50 ਏਕੜ ਜਮੀਨ ਦਿੱਤੀ ਗਈ ਜਦੋਂ ਕਿ ਹੰਸਰਾਜ ਵੋਹਰਾ ਨੇ ਸਰਕਾਰ ਪਾਸੋਂ ਕੋਈ ਆਰਥਕ ਮਦਦ ਨਾਂ ਲੈ ਕੇ ਸਰਕਾਰ ਦੀ ਲੰਡਨ ਯੂਨੀਵਰਸਿਟੀ ਆਫ ਇਕਨੋਮਿਕਸ ਵਿੱਚ ਤਾਲੀਮ ਹਾਸਲ ਕਰਕੇ ਦੀ ਸਹੂਲਤ ਲੈ ਕੇ ਬਾਅਦ ਵਿੱਚ ਮਿਲਟਰੀ ਗਜਟ ਲਾਹੌਰ ਲਈ ਬਤੌਰ ਪਤਰਕਾਰ ਨੌਕਰੀ ਕਰ ਲਈ ਸੀ. ਇਹਨਾ ਦੇ ਇਲਾਵਾ ਲਾਹੌਰ ਸੈਂਟਰਲ ਜੇਲ ਦੇ ਸੁਪਰਡੈਂਟ ਮੇਜਰ ਪੀ.ਡੀ.ਚੋਪੜਾ ਨੂੰ ਡੀ.ਆਈ.ਜੀ ਜੇਲ੍ਹ, ਆਈ.ਜੀ.ਜੇਲ੍ਹ ਲੈਫਟੀਨੈਂਟ ਕਰਨਲ ਐਫ.ਏ ਵਰਕਰ ਨੂੰ ਨਾਇਟਹੁੱਡ ਫ਼ਸਰ ਦੀ ਉਪਾਧੀ ਅਤੇ ਭਗਤ ਸਿੰਘ ਹੋਰਾ ਦੇ ਕੇਸ ਦੇ ਜਾਂਚ ਅਧਿਕਾਰੀ ਐਸ.ਪੀ ਖਾਨ ਬਾਹਾਦਰ ਅਬਦਲ ਅਜੀਜ਼ ਨੂੰ ਡੀ.ਆਈ.ਜੀ ਨਿਯੁਕਤ ਕੀਤਾ ਗਿਆ ਸੀ. ਇਹ ਜਾਣਕਾਰੀ ਵੀ ਮਿਲਦੀ ਹੈ ਕਿ ਭਗਤ ਸਿੰਘ ਦੇ ਖਿਲਾਫ ਦੋ ਗਵਾਹ ਆਰ.ਐਸ.ਐਸ. ਦੇ ਸਨ ਅਤੇ ਭਗਤ ਸਿੰਘ ਦੇ ਖਿਲਾਫ ਸਰਕਾਰੀ ਵਕੀਲ ਰਾਏ ਬਹਾਦਰ ਸੂਰਜ ਨਰਾਇਣ (ਇਹ ਰਾਏ ਬਹਾਦਰ ਖਿਤਾਬ ਅੰਗਰੇਜਾਂ ਵੱਲੋਂ ਸ਼ਹੀਦਾਂ ਦੀ ਮੁਖਬਰੀ ਤੇ ਗਵਾਹੀਆਂ ਕਾਰਨ ਹੀ ਮਿਲਿਆ ਸੀ) ਉਹ ਵੀ ਆਰ.ਐਸ.ਐਸ. ਪ੍ਰਮੁੱਖ ਗੋਵਾਲਕਰ ਦਾ ਨਜਦੀਕੀ ਸੀ .






ਭਗਤ ਸਿੰਘ ਦੀ ਧਰਮ ਤੇ ਜਾਤ-ਪਾਤ ਰਹਿਤ ਵਿਚਾਰਧਾਰਾ ਪ੍ਰਤੀ ਜੋ ਹੋਰ ਇਤਿਹਾਸਕ ਜਾਣਕਾਰੀ ਮਿਲੀ ਹੈ ਕਿ ਜੇਲ੍ਹ ਦੌਰਾਨ ਸ. ਭਗਤ ਸਿੰਘ ਦੀ ਬੈਰਕ ਦੀ ਸਫਾਈ ਕਰਨ ਵਾਲਾ ਜੋ ਬੋਘਾ ਨਾਮ ਦਾ ਇਕ ਸਫਾਈ ਸੇਵਕ ਸੀ ਉਹ ਭਗਤ ਸਿੰਘ ਦੇ ਵਿਚਾਰਾਂ ਵਿੱਚ ਡੂੰਘੀ ਰੁਚੀ ਲੈਂਦਾ ਸੀ ਜਿਸ ਨਾਲ ਭਗਤ ਸਿੰਘ ਦੇ ਮਨ ਵਿੱਚ ਵੀ ਉਸ ਪ੍ਰਤੀ ਸਨੇਹ ਤੇ ਆਦਰ ਪੈਦਾ ਹੋਣ ਕਾਰਨ ਭਗਤ ਸਿੰਘ ਉਸ ਨੂੰ ਬੜੇ ਪਿਆਰ ਨਾਲ ਕਹਿੰਦਾ ਸੀ ਕਿ ਬੋਘਿਆ ਤੇਰੇ ਹੱਥ ਦੀ ਰੋਟੀ ਖਾਣ ਨੂੰ ਬੜਾ ਦਿਲ ਕਰਦਾ ਹੈ ਤਾਂ ਬੋਘੇ ਨੇ ਕਹਿਣਾਂ ਕਿ ਭਗਤ ਸਿਹਾਂ ਤੂੰ ਉੱਚ ਜਾਤੀ ਦਾ ਸਰਦਾਰ ਤੇ ਮੈਂ ਨੀਵੀਂ ਜਾਤੀ ਦਾ ਸਫਾਈ ਕਰਮਚਾਰੀ ਹਾਂ ਤੂੰ ਮੇਰੇ ਹੱਥੋਂ ਰੋਟੀ ਕਿਵੇਂ ਖਾਂ ਲਏਂਗਾ. ਅਖੀਰ ਭਗਤ ਸਿੰਘ ਵੱਲੋਂ ਫਾਂਸੀ ਤੋਂ ਦੋ ਦਿਨ ਪਹਿਲਾਂ ਫਿਰ ਦਰਸਾਈ ਆਖਰੀ ਇੱਛਾ ਅਨੁਸਾਰ ਬੋਘੇ ਨੇ ਜਦੋਂ ਰੋਟੀ ਬਣਾ ਕੇ ਖਵਾਈ ਤਾਂ ਭਗਤ ਸਿੰਘ ਨੇ ਉਸ ਨੂੰ ਪਿਆਰ ਨਾਲ ਗਲੱਵਕੜੀ ਵਿੱਚ ਲਿਆ ਤਾਂ ਬੋਘਾ ਰੋਂਦਾ ਹੋਇਆ ਭੁੱਬਾਂ ਮਾਰਦਾ ਕਹਿ ਰਿਹਾ ਸੀ ਕਿ ਭਗਤ ਸਿਹਾਂ ਸ਼ੇਰਾ ਤੇਰੇ ਜਿਹੇ ਸੂਰਬੀਰ ਵਾਰ-ਵਾਰ ਨਹੀਂ ਜਮਣੇਂ, ਤੇਰੀ ਕਮੀ ਤਾਂ ਸਾਡੇ ਦੇਸ਼ ਨੂੰ ਸਦਾ ਹੀ ਖਟਕਦੀ ਰਹੇਗੀ. ਭਗਤ ਸਿੰਘ ਉਸ ਨੂੰ ਕਹਿ ਰਿਹਾ ਸੀ,- ਵੇਖੀਂ ਬੋਘਿਆ ਹੁਣ ਸਾਡਾ ਦੇਸ਼ ਆਜਾਦ ਹੋ ਜਾਣਾ ਹੈ, ਇੱਥੇ ਸਭ ਨਫਰਤਾਂ, ਵਿਤਕਰੇ, ਜਾਤ-ਪਾਤ ਅਤੇ ਗਰੀਬੀ ਦੀਆਂ ਦੀਵਾਰਾਂ ਢੈਅ ਜਾਣਗੀਆਂ . ਪ੍ਰੰਤੂ ਇਹ ਬੜੇ ਹੀ ਅਫਸੋਸ ਦਾ ਵਿਸ਼ਾ ਹੈ ਕਿ ਅੱਜ ਅਜ਼ਾਦੀ ਦੇ 73 ਸਾਲਾਂ ਬਾਅਦ ਵੀ ਦੇਸ਼ ਵਿੱਚ ਜਾਤੀ ਵਿਤਕਰਾ, ਧਾਰਮਿਕ ਕੱਟੜਤਾ, ਭ੍ਰਿਸ਼ਟਾਚਾਰ, ਅਮੀਰੀ ਗਰੀਬੀ ਦਾ ਪਾੜਾ, ਨਸ਼ਾ ਪ੍ਰਸ਼ਤੀ ਤੇ ਨਸ਼ਾ ਤਸ਼ੱਕਰੀ, ਬੇਰੁਜ਼ਗਾਰੀ, ਸਿਆਸੀ ਵੰਸ਼ਵਾਦ, ਗੈਂਗਵਾਰਾਂ ਤੇ ਕਤਲੋਗਾਰਤ ਅਤੇ ਬਲਾਤਕਾਰਾਂ ਜਿਹੇ ਭਿਆਨਕ ਜ਼ੁਰਮ ਦਿਨੋਂ ਦਿਨ ਵੱਧਦੇ ਹੀ ਜਾ ਰਹੇ ਹਨ ਜਿਸ ਦੀਆਂ ਖਬਰਾਂ ਰੋਜ਼ਾਨਾ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ ਜਿਵੇਂ ਕਿ ਇਸੇ 17 ਸਤੰਬਰ ਨੂੰ ਛਪੀ ਖਬਰ ਅਨੁਸਾਰ ਬੀਕਾਨੇਰ ਵਿਖੇ ਇੱਕ ਦਲਿਤ ਨੌਜਵਾਨ ਨੂੰ ਕੁੰਢੀਆਂ ਮੁੱਛਾਂ ਰੱਖਣ ਕਾਰਨ ਉੱਚ ਜਾਤੀ ਠਾਕਰਾਂ ਵੱਲੋਂ ਗੋਲੀਆਂ ਨਾਲ ਮਾਰ ਦਿੱਤਾ ਗਿਆ ਹੈ . ਸਾਡੇ ਸ਼ਹੀਦਾਂ ਪ੍ਰਤੀ ਸਰਕਾਰਾਂ ਵੱਲੋਂ ਵਰਤੀ ਜਾਂਦੀ ਬੇਈਮਾਨੀ ਦੇ ਕੁੱਝ ਹੋਰ ਤੱਥ ਮੌਜੂਦ ਹਨ ਕਿ ਨਾ ਤਾਂ ਸ੍. ਭਗਤ ਸਿੰਘ ਨੂੰ ਅਜੇ ਤੱਕ ਸਾਡੀ ਭਾਰਤ ਸਰਕਾਰ ਵੱਲੋਂ ਕੌਮੀ ਸ਼ਹੀਦ ਹੀ ਐਲਾਨਿਆ ਗਿਆ ਹੈ, ਨਾ ਹੀ ਉਨ੍ਹਾਂ ਦੀ ਸ਼ਹਾਦਤ ਵੇਲੇ ਦੇ ਅਹਿਮ ਦਸਤਾਵੇਜਾਂ ਦੀ ਪ੍ਰਮੁੱਖਤਾ ਨਾਲ ਖੋਜ ਕਰਵਾਈ ਗਈ ਅਤੇ ਨਾ ਹੀ ਉਨ੍ਹਾਂ ਦੀ ਵਿਰਾਸਤ ਸੰਭਾਲਣ ਦੀ ਪੁਖਤਾ ਕਾਰਵਾਈ ਕੀਤੀ ਗਈ ਬੇਸ਼ੱਕ ਕੁੱਝ ਦੇਸ਼ ਭਗਤ ਜੱਥੇਬੰਦੀਆਂ ਵੱਲੋਂ ਨਵੰਬਰ 2017 ਨੂੰ ਇਹ ਬਿਆਨ ਦਿੱਤਾ ਗਿਆ ਸੀ ਕਿ ਮਹਾਤਮਾ ਗਾਂਧੀ ਨੂੰ "ਸਾਬਰਮਤੀ ਕੇ ਸੰਤ" ਗੀਤ ਨਾਲ ਨਿਵਾਜ਼ ਕੇ ਸੈਂਕੜੇ ਸ਼ਹੀਦਾਂ ਦਾ ਅਪਮਾਨ ਕੀਤਾ ਜਾ ਰਿਹਾ ਹੈ . ਉਨ੍ਹਾਂ ਨੇ ਕਿਹਾ ਸੀ ਕਿ ਇਸ ਗੀਤ ਵਿੱਚ ਉਨ੍ਹਾਂ ਸ਼ਹੀਦਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਜਿੰਨ੍ਹਾਂ ਨੇ ਵਿਦੇਸ਼ੀ ਸਾਸ਼ਨ ਵਿਰੁੱਧ ਹਥਿਆਰਬੰਦ ਸਘੰਰਸ਼ ਚਲਾਇਆ ਸੀ ਜਿਵੇਂ ਕਿ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ, ਭਗਤ ਸਿੰਘ, ਚੰਦਰ ਸੇਖਰ ਆਜ਼ਾਦ, ਰਾਜਗੁਰੂ, ਸੁਖਦੇਵ ਅਤੇ ਹੋਰ ਦੇਸ਼ ਭਗਤਾਂ ਦੇ ਆਜ਼ਾਦੀ ਸੰਘਰਸ਼ ਦੀ ਇਹ ਗੀਤ ਸੱਚੀ ਤਸਵੀਰ ਪੇਸ਼ ਨਹੀਂ ਕਰਦਾ . ਸਾਡੇ ਕਈ ਸੱਤਾਧਾਰੀ ਲੀਡਰਾਂ ਵੱਲੋਂ ਇਸ ਨੂੰ ਚੰਗਾ ਕਹਿਣ ਦੀ ਬਜਾਏ ਵਿਵਦਾਤ ਬਿਆਨ ਕਹਿ ਕੇ ਹੀ ਦਬਾ ਦਿੱਤਾ ਗਿਆ . ਇਸ ਗੀਤ ਦੇ ਪੂਰੇ ਬੋਲ ਹਨ :- "ਲੇ ਦੀ ਹਮੇ ਆਜ਼ਾਦੀ ਬਿਨਾ ਖਡਕ ਬਿਨਾ ਢਾਲ, ਸਾਬਰਮਤੀ ਕੇ ਸੰਤ ਤੂਨੇ ਕਰ ਦੀਆ ਕਮਾਲ" ਜੋ ਗੀਤ ਸਕੂਲਾਂ ਵਿੱਚ ਵਿਸ਼ੇਸ਼ ਦਿਹਾੜਿਆਂ ਤੇ ਬੱਚਿਆਂ ਨੂੰ ਵਧੇਰੇ ਸੁਣਾਇਆ, ਗਵਾਇਆ ਤੇ ਰਟਾਇਆ ਜਾਂਦਾ ਹੈ ਪਰ ਭਗਤ ਸਿੰਘ ਹੋਰਾਂ ਨੂੰ ਇਸ ਤਰੀਕੇ ਨਾਲ ਨਹੀਂ ਪ੍ਰਚਾਰਿਆ ਜਾਂਦਾ . ਸਗੋਂ ਸਾਡੀ ਨੌਜਵਾਨ ਪੀੜ੍ਹੀ ਨੂੰ ਟੀ.ਵੀ. ਚੈਨਲਾਂ ਦੀ ਭੜਕਾਊ ਤੇ ਲੱਚਰ ਗਾਇਕੀ ਰਾਹੀਂ ਦਿਸ਼ਾਹੀਣ ਕਰਨ ਦੀ ਇਜ਼ਾਜਤ ਪ੍ਰਚਾਰ ਮੀਡੀਆ ਨੂੰ ਬਗੈਰ ਕਿਸੇ ਸਰਕਾਰੀ ਰੋਕ ਟੋਕ ਤੋਂ ਦਿੱਤੀ ਜਾ ਰਹੀ ਹੈ .

ਬੇਸ਼ੱਕ ਇੱਕ ਇਤਿਹਾਸਕਾਰ ਸ੍. ਭਗਤ ਸਿੰਘ ਦੇ ਭਣੇਵੇ ਪ੍ਰੋ. ਜਗਮੋਹਨ ਸਿੰਘ ਸਮੇਤ ਹੋਰ ਖੋਜਕਾਰਾਂ ਵੱਲੋਂ ਭਾਰਤੀ ਵਿਦੇਸ਼ ਮੰਤਰਾਲਾ ਦੀ ਮਾਰਫਤ ਇਹ ਦਸਤਾਵੇਜ਼ ਭਾਰਤ ਮੰਗਵਾਉਣ ਦੀ ਮੰਗ ਕੀਤੀ ਗਈ ਹੈ ਕਿ ਲਾਹੌਰ ਸ਼ਹਿਰ ਵਿੱਚ ਪੰਜਾਬ ਪੁਰਾਤਤਵ ਵਿਭਾਗ ਕੋਲ ਭਗਤ ਸਿੰਘ ਨਾਲ ਸਬੰਧਤ ਕਈ ਅਜਿਹੇ ਦੁਰਲੱਭ ਦਸਤਾਵੇਜ਼ ਮੌਜੂਦ ਹਨ ਜੋ ਭਾਰਤੀ ਇਤਿਹਾਸ ਦੀਆਂ ਪੁਸਤਕਾਂ ਦਾ ਹਿੱਸਾ ਬਣ ਸਕਦੇ ਹਨ ਅਤੇ ਜਿੰਨ੍ਹਾਂ ਵਿਚੋਂ ਕਈ ਮਹੱਤਵਪੂਰਨ ਜਾਣਕਾਰੀਆਂ ਮਿਲ ਸਕਦੀਆਂ ਹਨ ਜਿਵੇਂ ਕਿ ਉਕਤ ਵਿਭਾਗ ਕੋਲ ਸ਼ਹੀਦ ਭਗਤ ਸਿੰਘ ਵੱਲੋਂ ਲਾਹੌਰ ਸੈਂਟਰਲ ਜੇਲ੍ਹ ਚੋਂ ਰਾਜਸੀ ਕੈਦੀ ਐਲਾਨੇ ਜਾਣ ਉਪਰੰਤ ਏ ਕਲਾਸ ਦੀ ਸਹੂਲਤ ਲੈਣ ਲਈ ਲਿਖੇ ਪੱਤਰ ਵੀ ਮੌਜੂਦ ਹਨ . ਇਸ ਤੋਂ ਇਲਾਵਾ ਭਗਤ ਸਿੰਘ ਹੋਰਾਂ ਦੇ ਹੱਥੋਂ ਮਾਰੇ ਗਏ ਪੁਲਿਸ ਅਫ਼ਸਰ ਜਾਹਨ ਪੀ. ਸਾਂਡਰਸ ਅਤੇ ਸਿਪਾਹੀ ਚੰਨਣ ਸਿੰਘ ਦੀਆਂ ਪੋਸਟਮਾਰਟਮ ਰਿਪੋਰਟਾਂ ਸਮੇਤ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਨੂੰ ਦੋਸ਼ੀ ਠਹਿਰਾਉਣ ਬਾਰੇ ਅਦਾਲਤ ਦਾ ਹੁਕਮ, ਕਾਲੇ ਵਾਰੰਟ ਤੇ ਉਨ੍ਹਾਂ ਨੂੰ ਫਾਂਸੀ ਤੇ ਲਟਕਾਉਣ ਦੀ ਪੁਸ਼ਟੀ ਬਾਰੇ ਜੇਲ੍ਹ ਦੇ ਦਰੋਗਾ ਦੀ ਰਿਪੋਰਟ ਵੀ ਮੌਜੂਦ ਹੈ . ਇਵੇਂ ਹੀ ਪਾਕਿਸਤਾਨ ਦੇ ਪੰਜਾਬ ਪੁਰਾਤਤਵ ਵਿਭਾਗ ਦੇ ਰਿਕਾਰਡ ਵਿੱਚ ਭਗਤ ਸਿੰਘ ਦੁਆਰਾ ਜੇਲ੍ਹ ਦੀ ਸਜ਼ਾ ਦੌਰਾਨ ਮੰਗਵਾਈਆਂ ਕਿਤਾਬਾਂ, ਕ੍ਰਾਂਤੀਕਾਰੀ ਸਾਹਿਤ ਸਮੇਤ ਪੰਜਾਬ ਟਰੈਜਡੀ (ਤ੍ਰਾਸਦੀ), ਜਖ਼ਮੀ ਪੰਜਾਬ, ਗੰਗਾਦਾਸ ਤੇ ਸੁਲਤਾਨਾ ਡਾਕੂ ਆਦਿ ਪੁਸਤਕਾਂ ਤੇ ਲਾਹੌਰ ਦੀ ਰਾਵੀ ਰੋਡ ਉਪਰ ਫੈਕਟਰੀ, ਗਵਾਲਮੰਡੀ ਅਬਾਦੀ ਅਤੇ ਮੌਜੰਗ ਚੁੰਗੀ ਦੇ ਕਿਰਾਏ ਦੇ ਘਰ ਅਤੇ ਮਿਕਲਿਓਡ ਰੋਡ ਸਥਿਤ ਕਸ਼ਮੀਰ ਬਿਲਡਿੰਗ ਸਮੇਤ ਉਨ੍ਹਾਂ ਹੋਟਲਾਂ ਦਾ ਰਿਕਾਰਡ ਵੀ ਮੌਜੂਦ ਹੈ ਜਿੱਥੇ ਭਗਤ ਸਿੰਘ ਤੇ ਸਾਥੀ ਰੂਹਪੋਸ਼ ਹੋਣ ਸਮੇਂ ਰਹੇ . ਇਹ ਵੀ ਦੱਸਿਆ ਗਿਆ ਹੈ ਕਿ ਲਾਹੌਰ ਤੋਂ ਸੰਨ 1930 ਵਿੱਚ ਪ੍ਰਕਾਸ਼ਿਤ ਹੋਏ ਉਰਦੂ ਅਖਬਾਰਾਂ ਦੀਆਂ ਉਹ ਖਬਰਾਂ ਵੀ ਇੱਥੇ ਮੌਜੂਦ ਹਨ ਜਿੰਨ੍ਹਾਂ ਵਿੱਚ ਭਗਤ ਸਿੰਘ ਦੀ ਫਾਂਸੀ ਜਾਂ ਟਰਾਇਲ ਦੀ ਜਾਣਕਾਰੀ ਪ੍ਰਕਾਸ਼ਿਤ ਕੀਤੀ ਗਈ ਸੀ . ਇੰਨ੍ਹਾਂ ਅਖਬਾਰਾਂ ਵਿੱਚ ਵੀਰ ਭਾਰਤ (1930) ਅਖਬਾਰ ਦੀ ਉਹ ਕਾਪੀ ਵੀ ਮੌਜੂਦ ਹੈ, ਜਿਸ ਵਿੱਚ ਬਰਤਾਨਵੀਂ ਸਰਕਾਰ ਵਿਰੁੱਧ ਵਿਦਰੋਹ ਲਈ ਭਗਤ ਸਿੰਘ ਦੇ ਯਤਨਾਂ ਦੀ ਹਮਾਇਤ ਕੀਤੀ ਗਈ ਸੀ . ਇਸੇ ਤਰ੍ਹਾਂ ਹੀ ਉਹ ਪਿਸਤੌਲ ਜਿਸ ਨਾਲ 17 ਦਸੰਬਰ 1928 ਨੂੰ ਭਗਤ ਸਿੰਘ ਅਤੇ ਸਾਥੀਆਂ ਵੱਲੋਂ ਸਾਂਡਰਸ ਦੀ ਹੱਤਿਆ ਕੀਤੀ ਗਈ ਸੀ ਉਸ ਦੀ ਵੀ ਖੋਜ਼ ਹੋ ਗਈ ਹੈ . ਇਹ ਪਿਸਤੋਲ ਇੰਦੌਰ ਦੇ ਇੱਕ ਸੀ.ਐਸ. ਡਬਲਿਊ.ਟੀ. ਮਿਊਜੀਅਮ ਵਿੱਚ ਰੱਖੀ ਹੋਈ ਸੀ ਜੋ ਅੱਜ ਬੀ.ਐਸ.ਐਫ. ਕੋਲ ਮੌਜੂਦ ਹੈ . ਉਪਰੋਕਤ ਮਹੱਤਵਪੂਰਨ ਇਤਿਹਾਸ ਸਾਹਮਣੇ ਆਉਣ ਉਪਰੰਤ ਵੀ ਭਾਰਤ ਸਰਕਾਰ ਨੇ ਇੰਨ੍ਹਾਂ ਸਾਡੇ ਮਹਾਨ ਸ਼ਹੀਦਾਂ ਭਗਤ ਸਿੰਘ ਹੋਰਾਂ ਪ੍ਰਤੀ ਗੰਭੀਰ ਤਾਂ ਕੀ ਹੋਣ ਸੀ ਸਗੋਂ ਇਸ ਸਰਕਾਰ ਦੇ ਹੀ ਇੱਕ ਆਗੂ ਰਾਜਸਥਾਨ ਭਾਜਪਾ ਦੇ ਪ੍ਰਧਾਨ ਸਤੀਸ਼ ਪੂਨੀਆ ਨੇ ਇਹ ਤਾਜ਼ਾ ਹੀ ਵਿਵਾਦਤ ਬਿਆਨ ਦੇ ਦਿੱਤਾ ਹੈ ਕਿ ਜੇ ਆਰ.ਐਸ.ਐਸ. ਨਾ ਹੁੰਦਾ ਤਾਂ ਹਿੰਦੁਸਤਾਨ ਨਾ ਹੁੰਦਾ, ਜਦੋਂ ਕਿ ਸਾਡੇ ਇਤਿਹਾਸਿਕ ਤੱਥ ਡੰਕੇ ਦੀ ਚੋਟ ਤੇ ਇਹ ਸੱਚਾਈ ਲਿਖਦੇ ਹਨ ਕਿ ਦੇਸ਼ ਦੀ ਜੰਗੇ ਆਜ਼ਾਦੀ ਵਿੱਚ ਆਰ.ਐਸ.ਐਸ. ਦਾ ਬਿਲਕੁੱਲ ਕੋਈ ਯੋਗਦਾਨ ਨਹੀਂ ਰਿਹਾ ਸਗੋਂ ਗਦਾਰੀਆਂ ਜ਼ਰੂਰ ਕੀਤੀਆਂ ਮਿਲਦੀਆਂ ਹਨ ਜੋ ਖੋਜ਼ ਭਰਪੂਰ ਲਿਖਤਾਂ ਵਿੱਚ ਅੱਜ ਵੀ ਮੌਜੂਦ ਹਨ . ਸੋ ਅਜਿਹੇ ਲੀਡਰਾਂ ਦੇ ਅਜਿਹੇ ਬੇਤੁਕੇ ਬਿਆਨ ਸਾਡੇ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਦਾ ਅਪਮਾਨ ਜ਼ਰੂਰ ਕਰਦੇ ਹਨ . ਬੇਸ਼ੱਕ ਅੱਜ ਸ੍. ਭਗਤ ਸਿੰਘ ਅਤੇ ਹੋਰ ਸ਼ਹੀਦਾਂ ਦੇ ਦਿਹਾੜੇ ਸਰਕਾਰਾਂ ਵੱਲੋਂ ਵੱਡੇ ਵੱਡੇ ਭਾਸ਼ਣਾਂ ਅਤੇ ਐਲਾਨਾਂ ਰਾਹੀਂ ਮਨਾਏ ਜਾਂਦੇ ਹਨ ਅਤੇ ਇਵੇਂ ਹੀ ਦੇਸ਼ ਭਗਤ ਜੱਥੇਬੰਦੀਆਂ ਵੱਲੋਂ ਵੀ ਕੇਸਰੀ ਪੱਗਾਂ ਬੰਨ੍ਹ ਕੇ ਭਗਤ ਸਿੰਘ ਹੋਰਾਂ ਜਿਹੇ ਬਣਨ ਦਾ ਵਿਖਾਵਾ ਕੀਤਾ ਜਾਂਦਾ ਹੈ ਪ੍ਰੰਤੂ ਅਸਲ ਜ਼ਰੂਰਤ ਅੱਜ ਇਹ ਹੈ ਕਿ ਸਾਡੇ ਮਹਾਨ ਸ਼ਹੀਦਾਂ ਦੀ ਸੋਚ ਤੇ ਸੱਚੇ ਦਿਲੋਂ ਪੈਰ੍ਹਾ ਦਿੱਤਾ ਜਾਵੇ ਅਤੇ ਅਤੇ ਸ਼ਹੀਦਾਂ ਦੇ ਸਤਿਕਾਰ ਵਿੱਚ ਲਿਖੀਆਂ ਇੱਕ ਕਵੀ ਦੀਆਂ ਇਹ ਸਤਰਾਂ ਯਾਦ ਰੱਖੀਆਂ ਜਾਣ :-

**ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬੇਹਤਰ ਹੈ ਕਾਅਬਾ,**
**ਸ਼ਹੀਦੋਂ ਕੀ ਖ਼ਾਕ ਪਰ ਤੋਂ ਖ਼ੁਦਾ ਭੀ ਕੁਰਬਾਨ ਹੋਤਾ ਹੈ .**

# ਬਾਬਾ ਬਿਜਲੀ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਬੰਦੇ ਦੀ ਬਾਹਰੀ ਵੇਸ਼ ਭੂਸ਼ਾ ਤੋਂ ਉਸ ਦੇ ਅਸਲੀ ਚਰਿੱਤਰ ਦਾ ਪਤਾ ਨਹੀਂ ਲੱਗਦਾ। ਪੰਜਾਬੀ ਦੀ ਕਹਾਵਤ ਹੈ ਕਿ ਉੱਪਰੋਂ ਬੀਬੀਆਂ ਦਾਹੜੀਆਂ ਤੇ ਵਿੱਚੋਂ ਕਾਲੇ ਕਾਂ। ਕਈ ਵਾਰ ਲਿਸ਼ਕਦੇ ਟੀਨੋ ਪਾਲ ਲਗਾਏ ਸਫੈਦ ਕੱਪੜੇ ਪਹਿਨ ਕੇ ਸ਼ਰੀਫ ਲੱਗਣ ਵਾਲੇ ਬੰਦੇ ਬਾਅਦ ਵਿੱਚ ਪੱਕੇ ਚੋਰ ਨਿਕਲਦੇ ਹਨ ਤੇ ਦੇਸੀ ਜਿਹੇ ਸਧਾਰਨ ਕੱਪੜਿਆਂ ਵਾਲੇ ਬੰਦੇ ਗੁਣੀ ਗਿਆਨੀ ਸਾਬਤ ਹੁੰਦੇ ਹਨ। ਸਰਕਾਰੀ ਦਫਤਰਾਂ ਵਿੱਚ ਅਜਿਹੇ ਲਿਸ਼ਕੇ ਪੁਸ਼ਕੇ ਬੰਦਿਆਂ ਦੇ ਕੰਮ ਬਹੁਤ ਅਸਾਨੀ ਨਾਲ ਹੋ ਜਾਂਦੇ ਹਨ ਤੇ ਮੈਲੇ ਪਾਟੇ ਕੱਪੜਿਆਂ ਵਾਲਿਆਂ ਨੂੰ ਚਪੜਾਸੀ ਹੀ ਅੰਦਰ ਨਹੀਂ ਵੜਨ ਦਿੰਦਾ। ਪੁਲਿਸ ਵਾਲੇ ਵੀ ਅਜਿਹੇ ਵਿਅਕਤੀਆਂ ਦੇ ਪ੍ਰਭਾਵ ਹੇਠ ਜਲਦੀ ਆ ਜਾਂਦੇ ਹਨ। ਟਰੈਫਿਕ ਨਾਕਿਆਂ 'ਤੇ ਮਹਿੰਗੀਆਂ ਵਿਦੇਸ਼ੀ ਗੱਡੀਆਂ ਨੂੰ ਘੱਟ ਹੀ ਰੋਕਿਆ ਜਾਂਦਾ ਹੈ ਤੇ ਸਭ ਤੋਂ ਜਿਆਦਾ ਸ਼ਾਮਤ ਵਿਚਾਰੇ ਟਰੱਕਾਂ ਅਤੇ ਮੋਟਰ ਸਾਇਕਲ ਵਾਲਿਆਂ ਦੀ ਆਉਂਦੀ ਹੈ। ਵੱਡੀ ਗੱਡੀ ਵਾਲੇ ਨੂੰ ਬਾਊ ਜੀ ਸਰਦਾਰ ਜੀ ਕਹਿ ਕੇ ਪੁਕਾਰਿਆ ਜਾਂਦਾ ਹੈ ਤੇ ਟਰੱਕਾਂ ਟਰੈਕਟਰਾਂ ਵਾਲਿਆਂ ਨੂੰ ਉਏ ਕਹਿ ਕਿ। 1995-96 ਵਿੱਚ ਮੈਂ ਨਾਵਾਂ ਨਵਾਂ ਕਿਸੇ ਥਾਣੇ ਦਾ ਐਸ.ਐਚ.ਉ. ਲੱਗਾ ਹੋਇਆ ਸੀ। ਇੱਕ ਦਿਨ ਦੁਪਹਿਰੇ ਇੱਕ ਸਿਆਣਾ ਜਿਹਾ ਬੰਦਾ ਮੈਨੂੰ ਮਿਲਣ ਵਾਸਤੇ ਆਇਆ ਜਿਸ ਨੂੰ ਬੰਦੂਕ ਦੇ ਲਾਇਸੰਸ ਸਬੰਧੀ ਕੋਈ ਕੰਮ ਸੀ। ਉਸ ਨੇ ਮੇਰੇ ਨਾਲ ਬਹੁਤ ਹੀ ਸਿਆਣੀਆਂ, ਧਰਮ ਕਰਮ ਅਤੇ ਦਾਨ ਪੁੰਨ ਕਰਨ ਸਬੰਧੀ ਅਧਿਆਤਮਕ ਗੱਲਾਂ ਕੀਤੀਆਂ। ਉਸ ਦੀਆਂ ਲੱਛੇਦਾਰ ਗੱਲਾਂ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ। ਉਸ ਦਾ ਕੰਮ ਤਾਂ ਮਿੰਟੋ ਮਿੰਟੀ ਕਰ ਹੀ ਦਿੱਤਾ ਨਾਲੇ ਚਾਹ ਵੀ ਪਿਆਈ। ਉਸੇ ਵੇਲੇ ਥਾਣੇ ਦਾ ਮੁਸ਼ੀ ਵੀ ਕਿਸੇ ਕੰਮ ਦਫਤਰ ਆਣ ਵੜਿਆ। ਬਾਬਾ ਚਲਿਆ ਗਿਆ ਤਾਂ ਮੈਂ ਮੁੰਸ਼ੀ ਕੋਲ ਉਸ ਦੀਆਂ ਤਾਰੀਫਾਂ ਦੇ ਪੁੱਲ ਬੰਨ੍ਹਣ ਲੱਗਾ ਕਿ ਬਜ਼ੁਰਗ ਕਿੰਨਾ ਸ਼ਰੀਫ ਅਤੇ ਦਾਨੀ ਬੰਦਾ ਹੈ। ਮੁੰਸ਼ੀ ਪੁਰਾਣਾ ਹੰਢਿਆ ਹੋਇਆ ਘੁਲਾਟੀਆਂ ਸੀ ਤੇ 10-12 ਸਾਲ ਤੋਂ ਘੁੰਮ ਘੁੰਮਾ ਕੇ ਉਸੇ ਥਾਣੇ ਵਿੱਚ ਡਿਊਟੀ ਕਰ ਰਿਹਾ ਸੀ। ਉਹ ਤਾਰੀਫਾਂ ਸੁਣ ਕੇ ਖਚਰਾ ਜਿਹਾ ਹੱਸਣ ਲੱਗ ਪਿਆ। ਮੈਨੂੰ ਉਹ ਗੱਲ ਬਹੁਤ ਅਜੀਬ ਲੱਗੀ, ਪਰ ਮੈਂ ਸਮਝ ਗਿਆ ਕਿ ਦਾਲ ਵਿੱਚ ਕੁਝ ਕਾਲਾ ਹੈ। ਮੈਂ ਮੁੰਸ਼ੀ ਨੂੰ ਪੁੱਛਿਆ ਕਿ ਕੀ ਗੱਲ ਬਾਬਾ ਠੀਕ ਨਹੀਂ ਹੈ? ਮੁੰਸ਼ੀ ਹੱਸ ਕੇ ਬੋਲਿਆ, ਉਬੱਸ ਜਨਾਬ, ਠੀਕ ਈ ਆ।" ਉਸ ਦੀਆਂ ਗੋਲ ਮੋਲ ਗੱਲਾਂ ਸੁਣ ਮੈਂ ਕਾਹਲਾ ਪੈ ਗਿਆ ਤੇ ਥੋੜ੍ਹਾ ਜਿਹਾ ਖਿਝ ਕੇ ਬੋਲਿਆ, ਉਹੁਣ ਦੱਸ ਵੀ ਦੇ ਕੀ ਗੱਲ ਆ, ਕਿਉਂ ਐਵੇਂ ਬੁਝਾਰਤਾਂ ਜਿਹੀਆਂ ਪਾਈ ਜਾਨਾਂ।"

ਮੁੰਸ਼ੀ ਨਿੱਠ ਕੇ ਕੁਰਸੀ 'ਤੇ ਬੈਠ ਗਿਆ ਤੇ ਕਥਾ ਕਰਨ ਵਾਲਿਆਂ ਵਾਂਗ ਗਲਾ ਸਾਫ ਕਰ ਕੇ ਬੋਲਿਆ, ਉਲਉ ਜਨਾਬ ਫਿਰ ਸੁਣ ਈ ਲਉ ਬਾਬੇ ਦੀਆਂ ਸਿਫਤਾਂ। ਇਸ ਦਾ ਅਸਲੀ ਨਾਮ ਤਾਂ ਤੁਹਾਨੂੰ ਪਤਾ ਹਰਨਾਮ ਸਿੰਘ ਆ ਪਰ ਸਾਰਾ ਇਲਾਕਾ ਇਸ ਨੂੰ ਬਾਬੇ ਬਿਜਲੀ ਦੇ ਨਾਮ ਤੋਂ ਜਾਣਦਾ ਹੈ।" ਮੈਨੂੰ 440 ਵੋਲਟ ਦਾ ਝਟਕਾ ਲੱਗਾ ਤੇ ਤ੍ਰਬਕ ਕੇ ਬੋਲਿਆ, ਉਹੈਂ! ਬਾਬਾ ਬਿਜਲੀ?" ਉਹਾਂ ਜੀ ਬਾਬਾ ਬਿਜਲੀ, ਬਹੁਤ ਕਰੰਟ ਆ ਜੀ ਬਾਬੇ ਵਿੱਚ। ਇਹ ਸ਼ਾਮਗੜ੍ਹ ਦਾ ਵਾਸੀ ਆ ਤੇ ਬਹੁਤ ਸ਼ੌਕੀਨ ਤੇ ਰੰਗੀਨ ਤਬੀਅਤ ਦਾ ਮਾਲਕ ਹੈ। 20-22 ਕਿੱਲੇ ਦਾ ਮਾਲਕ ਚੰਗਾ ਜ਼ਿੰਮੀਦਾਰ ਹੈ ਤੇ ਇਸ ਦੀ ਘਰ ਵਾਲੀ ਮਰ ਚੁੱਕੀ ਹੈ। ਇਹ ਦਾਨ ਪੁੰਨ ਕਰਦਾ ਤਾਂ ਬਹੁਤ ਹੈ ਪਰ ਗਰੀਬਾਂ ਨੂੰ ਨਹੀਂ, ਬਲਕਿ ਗਰੀਬਣੀਆਂ ਨੂੰ। ਪਿੰਡ ਦਾ ਕੋਈ ਸ਼ਰੀਫ ਆਦਮੀ ਇਸ ਨੂੰ ਆਪਣੇ ਘਰ ਨਹੀਂ ਵੜਨ ਦਿੰਦਾ। ਇਹ ਗਰੀਬ ਘਰਾਂ ਦੀਆਂ ਜਨਾਨੀਆਂ ਦੀ ਕਮਜ਼ੋਰੀ ਦਾ ਨਜਾਇਜ਼ ਫਾਇਦਾ ਉਠਾਉਂਦਾ ਰਹਿੰਦਾ ਹੈ। ਪਿਛਲੇ ਸਾਲ ਇੱਕ ਔਰਤ ਇਸ ਦੇ ਖੇਤ ਪੱਠੇ ਵੱਢਣ ਲਈ ਚਲੀ ਗਈ। ਜਦੋਂ ਉਹ ਵੱਟਾਂ ਤੋਂ ਘਾਹ ਖੋਤਣ ਲੱਗੀ ਤਾਂ ਇਸ ਨੇ ਦਬਕਾ ਮਾਰ ਕੇ ਉਠਾ ਦਿੱਤਾ। ਉਹ ਡਰਦੀ ਮਾਰੀ ਦੂਸਰੇ ਕਿਸਾਨ ਦੇ ਖੇਤਾਂ ਵੱਲ ਜਾਣ ਲੱਗੀ ਤਾਂ ਇਹ ਉਸ ਨੂੰ ਅੱਖ ਦੱਬ ਕੇ ਕਹਿਣ ਲੱਗਾ ਕਿ ਸਾਡੇ ਹੁੰਦੇ ਤੈਨੂੰ ਐਨੀ ਧੁੱਪ ਵਿੱਚ ਘਾਹ ਖੋਤਣ ਦੀ ਕੀ ਜਰੂਰਤ ਹੈ? ਟੋਕੇ ਅੱਗੋਂ ਕੁਤਰੇ ਪੱਠੇ ਈ ਪਾ ਕੇ ਲੈ ਜਾ। ਉਹ ਪਹਿਲਾਂ ਹੀ ਇਸ ਦੀਆਂ ਕਰਤੂਤਾਂ ਬਾਰੇ ਜਾਣਦੀ ਸੀ। ਵਿਚਾਰੀ ਮਜਬੂਰੀ ਕਾਰਨ ਇਸ ਦੀ ਗੱਲ ਮੰਨ ਗਈ ਤੇ ਬਾਬਾ ਉਸ ਨੂੰ ਲੈ ਕੇ ਮੋਟਰ ਵਾਲੇ ਕੋਠੇ ਵਿੱਚ ਵੜ ਗਿਆ।" ਮੁੰਸ਼ੀ ਨੇ ਪਾਣੀ ਦਾ ਗਿਲਾਸ ਪੀਤਾ ਤੇ ਦੁਬਾਰਾ ਲੜੀ ਜੋੜ ਲਈ ਉਲਾਗੇ ਹੀ ਕਮਾਦ ਵਿੱਚ ਪਿੰਡ ਦਾ ਇੱਕ ਸ਼ੈਤਾਨ ਨੌਜਵਾਨ ਮੌਕਾ ਸਾਂਭਣ ਲਈ ਲੁਕਿਆ ਬੈਠਾ ਸੀ। ਉਸ ਦੀ ਬਹੁਤ ਦੇਰ ਤੋਂ ਬਾਬੇ 'ਤੇ ਅੱਖ ਸੀ ਕਿਉਂਕਿ ਕੁਝ ਦਿਨ ਪਹਿਲਾਂ ਪਾਣੀ ਦੀ ਵਾਰੀ ਤੋਂ ਹੋਏ ਝਗੜੇ ਵਿੱਚ ਬਾਬੇ ਦੇ ਮੁੰਡਿਆਂ ਨੇ ਉਸ ਨੂੰ ਚੰਗਾ ਕੁਟਾਪਾ ਚਾੜ੍ਹਿਆ ਸੀ। ਬਦਲਾ ਲੈਣ ਲਈ ਉਸ ਨੇ ਹੌਲੀ ਜਿਹੀ ਮੋਟਰ ਦੇ ਕਮਰੇ ਨੂੰ ਬਾਹਰੋਂ ਕੁੰਡਾ ਮਾਰ ਦਿੱਤਾ ਤੇ ਆਪ ਸਾਈਕਲ ਪਿੰਡ ਵੱਲ ਨੂੰ ਛੱਡ ਦਿੱਤਾ। ਉਸ ਨੇ ਨਾਲੇ ਤਾਂ ਪਿੰਡ ਵਾਲਿਆਂ ਨੂੰ ਬਾਬੇ ਦੀ ਕਰਤੂਤ ਦੱਸ ਦਿਤੀ ਤੇ ਨਾਲ ਹੀ ਐਸ.ਟੀ.ਡੀ ਤੋਂ ਬਾਬੇ ਦੇ ਘਰ ਫੋਨ ਕਰ ਦਿੱਤਾ ਕਿ ਤੁਹਾਡੇ ਬੁੱਢੇ ਨੂੰ ਮੋਟਰ ਚਲਾਉਣ ਲੱਗਿਆਂ ਬਿਜਲੀ ਪੈ ਗਈ ਹੈ। ਉਹ ਤਾਰ ਨਾਲ ਚੰਬੜਿਆ ਪਿਆ ਹੈ, ਬਚਦਾ ਹੈ ਤਾਂ ਬਚਾ ਲਉ। ਬਾਬੇ ਦਾ ਸਾਰਾ ਟੱਬਰ ਬਾਬੇ ਨੂੰ ਤਾਰ ਤੋਂ ਛੁਡਵਾਉਣ ਲਈ ਮੋਟਰ ਵੱਲ ਭੱਜ ਉੱਠਿਆ। ਕਿਸੇ ਦੇ ਹੱਥ ਸੋਟੀ, ਕਿਸੇ ਦੇ ਬਾਲਾ ਤੇ ਕੋਈ ਡਾਂਗ ਚੁੱਕੀ ਜਾਵੇ। ਮੌਕਾ ਵੇਖ ਕੇ ਪਿੰਡ ਵਾਲੇ ਵੀ ਸਵਾਦ ਲੈਣ ਲਈ ਮਗਰੇ ਭੱਜ ਉੱਠੇ। ਬਾਬੇ ਦੇ ਵੱਡੇ ਮੁੰਡੇ ਨੇ ਜਦੋਂ ਕਾਹਲੀ ਨਾਲ ਕੁੰਡਾ ਖੋਲਿਆ ਤਾਂ ਅੰਦਰ ਦੀ ਹਾਲਤ ਵੇਖ ਕੇ ਸ਼ਰਮ ਨਾਲ ਥਾਏਂ ਗੱਡਿਆ ਗਿਆ। ਸਾਰੇ ਟੱਬਰ ਦੇ ਸਿਰ ਸੌ ਘੜਾ ਪਾਣੀ ਪੈ ਗਿਆ। ਬਾਬੇ ਨੂੰ ਛੁਡਵਾਉਣ ਲਈ ਲਿਆਂਦੇ ਡਾਂਗਾਂ ਸੋਟੇ ਉਸੇ 'ਤੇ ਵਰ੍ਹਨ ਲੱਗ ਪਏ। ਪਿੰਡ ਵਾਲੇ ਹੱਸ ਹੱਸ ਕੇ ਦੂਹਰੇ ਹੋ ਗਏ। ਪਰਿਵਾਰ ਵਾਲੇ ਸ਼ਰਮ ਦੇ ਮਾਰੇ ਬਾਬੇ ਦਾ ਬਿਸਤਰਾ ਮੰਜਾ ਮੋਟਰ 'ਤੇ ਸੁੱਟ ਆਏ ਤੇ ਉਸ ਦਾ ਘਰ ਵਿੱਚ ਦਾਖਲਾ ਬੰਦ ਕਰ ਦਿੱਤਾ। ਇਸ ਕਾਂਡ ਕਰ ਕੇ ਇਸ ਦਾ ਨਾਮ ਬਾਬਾ ਬਿਜਲੀ ਹੀ ਪੱਕ ਗਿਆ ਹੈ। ਪਰ ਬਾਬਾ ਅਜੇ ਵੀ ਨਹੀਂ ਸੁਧਰਿਆ। ਹੁਣ ਵੀ ਇਸ ਦਾ ਕੋਈ ਨਾ ਕੋਈ ਕਾਰਨਾਮਾ ਸਾਹਮਣੇ ਆ ਹੀ ਜਾਂਦਾ ਹੈ।" ਗੱਲ ਸੁਣ ਕੇ ਮੇਰੀਆਂ ਅੱਖਾਂ ਟੱਡੀਆਂ ਗਈਆਂ। ਪਲਾਂ ਵਿੱਚ ਹੀ ਸੰਤ ਸਰੂਪ ਲੱਗਣ ਵਾਲਾ ਬਾਬਾ ਮੈਨੂੰ ਸੱਜਣ ਠੱਗ ਦਿਖਾਈ ਦੇਣ ਲੱਗ ਪਿਆ। ਮੈਂ ਮੁੰਸ਼ੀ ਨੂੰ ਹੁਕਮ ਦਿੱਤਾ ਕਿ ਖਬਰਦਾਰ ਜੇ ਅੱਗੇ ਤੋਂ ਇਹ ਬਦਕਾਰ ਮੇਰੇ ਦਫਤਰ ਵੜਿਆ ਤਾਂ।

TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP SIGN
SPEEDING TRAFFIC TICKETS
RED LIGHT
CALL NOW TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
Products of Services:
• Insulation
• Drywall
• Taping
• Texturing
• Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com





Ambleton
A Qualico Community
ਛੋਟੀਆਂ ਚੀਜਾਂ ਦਾ ਆਨੰਦ ਮਾਣੋ.
ਕੈਲਗਰੀ ਦਾ ਨਵਾਂ ਉੱਤਰੀ ਏਰੀਆ
1200 ਤੋਂ ਵੱਧ ਘਰ
8 ਫੇਸ
7.3Km ਲੰਮਾ ਪਥਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਫੇਸ 2 ਦੀ ਡਿਵੈਲਪਮੈਂਟ ਅੱਪਡੇਟ ਲਈ ਸਾਈਨ ਅੱਪ ਕਰੋ
ਲੇਨਡ ਹੋਮ $400s ਤੋਂ ਸ਼ੁਰੂ ਹਨ
ਫਰੰਟ ਗੈਰਾਜ $500s ਤੋਂ ਸ਼ੁਰੂ ਹਨ
ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ
ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : liveinambleton.com
ਐਵਾਰਡ ਜੇਤੂ ਬਿਲਡਰ: • Shane Homes • Sterling Homes • Trico Homes • Broadview Homes • Jayman Built
24 St NW
144 Ave NE
14 St NW
Evanston Dr NW
Symons Valley Pkwy NW
Stoney Trail NW
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities




DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
• ਤਲਾਅ /ਹਰਿਆ ਭਰਿਆ ਆਲਾ ਦੁਆਲਾ
• ਫਰੰਟ ਗੈਰਾਜ ਲਾਟਾਂ
• ਵਾਕ ਆਊਟ ਲਾਟਾਂ
• ਡੁਪਲੈਕਸ ਲਾਟਾਂ
• ਲੇਨਡ ਲਾਟਾਂ
TOWNHOMES FROM THE LOW $300s
DUPLEX HOMES FROM THE MID $300s
LANED HOMES FROM THE HIGH $300s
FRONT GARAGE HOMES FROM THE LOW $500s
360° ਵਰਚੂਅਲ ਟੂਰ ਵੀ ਮਿਲਦਾ ਹੈ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
SHOWHOME APPOINTMENTS AVAILABLE AND RECOMMENDED. Broadview Homes | NuVista Homes | Trico Homes | Sterling Homes | Truman Homes | Morrison Homes
ਕਮਿਉਨਟੀ ਅੰਦਰ ਭਵਿੱਖ ਵਿੱਚ ਸਿਵਿਕ ਸੈਂਟਰ ਅਤੇ ਫੀਲਡ ਹਾਊਸ ਸਾਈਟ
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities

# ਵਾਰਡ 10 ਦੇ ਵੋਟਰ ਆਪਣੀ ਵੋਟ ਰੌਸ਼ਨ ਚੁੰਬਰ ਨੂੰ ਹੀ ਕਿਉਂ ਪਾਉਣਗੇ, ਜਾਣੋ ਉਸਦੇ ਕਾਰਣ ਇਹ ਹਨ।

ਰੋਸ਼ਨ ਚੁੰਬਰ ਇੱਕ ਪਿਤਾ, ਇੱਕ ਪਤੀ ਅਤੇ ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਲੰਮੇ ਸਮੇਂ ਤੋਂ ਨਿਵਾਸੀ ਹਨ। ਇੱਕ ਛੋਟੇ ਕਾਰੋਬਾਰ ਦੇ ਮਾਲਕ ਅਤੇ ਪਿਛਲੇ 20 ਸਾਲਾਂ ਤੋਂ ਇੱਕ ਰੀਅਲ ਅਸਟੇਟ ਪੇਸ਼ੇਵਰ ਵੱਜੋਂ ਵਿਚਰਨਾ ਉਸਦੀ ਜ਼ਿੰਦਗੀ ਦੀ ਸਫਲਤਾ ਦੀ ਕੁੰਜੀ ਰਿਹਾ ਹੈ। ਰੋਸ਼ਨ ਚੁੰਬਰ ਆਪਣੇ ਕਿੱਤੇ ਅਤੇ ਜ਼ਿੰਦਗੀ ਦੇ ਤਜਰਬਿਆਂ ਵਿੱਚੋਂ ਜਾਣਦਾ ਹੈ ਕਿ ਪਹਿਲਾਂ ਕਿਵੇਂ ਸੁਣਨਾ ਹੈਇਹੀ ਕਾਰਣ ਹੈ ਕਿ ਉਸਨੇ ਸੈਂਕੜੇ ਪਰਿਵਾਰਾਂ ਅਤੇ ਛੋਟੇ ਕਾਰੋਬਾਰੀਆਂ ਦੇ ਮਾਲਕਾਂ ਨਾਲ ਉਨ੍ਹਾਂ ਦੀ ਖੁਸ਼ਹਾਲੀ ਵਿੱਚ ਸਹਾਇਤਾ ਲਈ ਕੰਮ ਕੀਤਾ ਹੈ।

ਰੋਸ਼ਨ ਚੁੰਬਰ ਸੇਵਾ ਵਿੱਚ ਵਿਸ਼ਵਾਸ ਰੱਖਦੇ ਹਨ। ਕੌਂਸਲਰ ਹੋਣ ਦੇ ਨਾਤੇ, ਸਭ ਤੋਂ ਪਹਿਲਾਂ ਵਾਰਡ 10 ਦੇ ਵਸਨੀਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਨਾਲ ਸੁਣੇਗਾ ਅਤੇ ਫਿਰ ਉਹਨਾਂ ਦੀ ਪੂਰਤੀ ਲਈ ਸਫਲ ਯਤਨ ਕਰੇਗਾ।

ਰੌਸ਼ਨ ਚੁੰਬਰ ਦਾ ਮੰਨਣਾ ਹੈ ਕਿ ਕੌਂਸਲਰ ਦਾ ਕੰਮ ਵਾਰਡ 10 ਦੇ ਵਸਨੀਕਾਂ ਨੂੰ ਸਿਰਫ ਕੌਂਸਿਲ ਦੀਆਂ ਗਤੀਵਿਧੀਆਂ ਦੀ ਰਿਪੋਰਟ ਨਹੀਂ ਦੇਣੀ ਸਗੋਂ ਕੌਂਸਿਲ ਵਿੱਚ ਵਾਰਡ 10 ਦੀ ਪ੍ਰਤੀਨਿਧਤਾ ਕਰਨਾ ਹੈ, ਉਸਨੇ ਵਾਰਡ 10 ਦੇ 5000 ਤੋਂ ਵੱਧ ਵਸਨੀਕਾਂ ਨਾਲ ਉਨ੍ਹਾਂ ਦੀਆਂ ਚਿੰਤਾਵਾਂ ਬਾਰੇ ਗੱਲ ਕੀਤੀ ਹੈ ਅਤੇ ਉਹ ਭਵਿੱਖ ਵਿੱਚ ਵੀ ਸਿਟੀ ਕੌਂਸਲਰ ਵੱਜੋਂ ਅਜਿਹਾ ਕਰਦੇ ਰਹਿਣਗੇ। ਰੌਸ਼ਨ ਚੁੰਬਰ ਸਮਝਦੇ ਹਨ ਕਿ ਸਥਾਨਕ ਸਮੱਸਿਆਵਾਂ ਦੇ ਸਭ ਤੋਂ ਵਧੀਆ ਹੱਲ ਉੱਥੇ ਰਹਿਣ ਵਾਲੇ ਲੋਕਾਂ ਦੁਆਰਾ, ਉਸੇ ਸਮਾਜ ਵਿੱਚ ਮਿਲਦੇ ਹਨ ਜਿੱਥੇ ਇਹ ਹੋ ਰਿਹਾ ਹੈ।

ਆਰਥਿਕ ਸੰਕਟ ਦੇ ਇਸ ਸਮੇਂ, ਕੈਲਗਰੀ ਸ਼ਹਿਰ ਅਤੇ ਵਾਰਡ 10 ਨੂੰ ਮਜ਼ਬੂਤ ਅਗਵਾਈ ਦੀ ਸਖਤ ਜ਼ਰੂਰਤ ਹੈ । ਸਾਡੇ ਕੋਲ ਦੋਸਤ ਅਤੇ ਗੁਆਂਢੀ ਹਨ ਜੋ ਬਿਨਾਂ ਕੰਮ ਤੋਂ ਕਈ ਮਹੀਨਿਆਂ, ਇੱਥੋਂ ਤੱਕ ਕਿ ਕਈ ਸਾਲਾਂ ਤੋਂ ਬੇਰੁਜਗਾਰ ਹਨ। ਸਾਨੂੰ ਇਸ 'ਤੇ ਧਿਆਨ ਕੇਂਦਰਤ ਕਰਨ ਦੀ ਜ਼ਰੂਰਤ ਹੈ ਕਿ ਕੀ ਮਹੱਤਵਪੂਰਣ ਹੈ - ਲੋਕਾਂ ਦੇ ਹੱਥਾਂ ਵਿੱਚ ਵਧੇਰੇ ਪੈਸਾ ਅਤੇ ਸਰਕਾਰਾਂ ਦੇ ਹੱਥਾਂ ਵਿੱਚ ਘੱਟ ਹੋਣਾ ਚਾਹੀਦਾ ਹੈ। ਲੋਕਾਂ ਨੂੰ ਕੰਮ ਤੇ ਵਾਪਸ ਲਿਆਉਣਾ, ਆਰਥਿਕ ਵਿਭਿੰਨਤਾ ਨੂੰ ਉਤਸ਼ਾਹਤ ਕਰਨਾ, ਅਤੇ ਦੁਨੀਆ ਨੂੰ ਇਹ ਦਿਖਾਉਣਾ ਕਿ ਕੈਲਗਰੀ ਕਾਰੋਬਾਰ ਲਈ ਖੁੱਲੀ ਹੈ, ਰੋਸ਼ਨ ਚੁੰਬਰ ਲਈ ਨੌਕਰੀ #1 ਹੈ।

ਕੈਲਗਰੀ ਕੌਂਸਲ ਅਤੇ ਵਾਰਡ 10 ਦੇ ਸਫਲ ਹੋਣ ਲਈ, ਸਾਨੂੰ ਇੱਕ ਵਿਹਾਰਕ, ਤਜਰਬੇਕਾਰ, ਵਪਾਰ-ਮੁਖੀ ਕੌਂਸਲਰ ਦੀ ਲੋੜ ਹੈ ਜੋ ਸਾਡੇ ਵਿੱਤੀ ਸਰੋਤਾਂ ਨੂੰ ਕ੍ਰਮ ਵਿੱਚ ਪ੍ਰਾਪਤ ਕਰ ਸਕੇ ਅਤੇ ਕੈਲਗਰੀ ਨੂੰ ਕੈਲਗਰੀ ਦੇ ਲਾਭ ਵਾਪਸ ਕਰ ਸਕੇ।

ਵਾਰਡ 10 ਨੂੰ ਨਵੀਂ ਆਵਾਜ਼ ਦੀ ਲੋੜ ਹੈ। ਸਾਨੂੰ ਕਿਰਿਆਸ਼ੀਲ ਦੂਰਦਰਸ਼ੀ ਵਿਚਾਰਾਂ ਦੀ ਲੋੜ ਹੈ, ਉਹੀ ਪੁਰਾਣੀ ਨੌਕਰਸ਼ਾਹੀ ਸੋਚ ਦੀ ਨਹੀਂ। ਸਾਨੂੰ ਸੇਵਾ ਲਈ ਵਚਨਬੱਧ ਨੇਤਾ ਦੀ ਲੋੜ ਹੈ, ਨਾ ਕਿ ਕਿਸੇ ਅਧਿਕਾਰ ਦੀ। ਸੇਵਾਵਾਂ ਜਿਵੇਂ ਕਿ ਵਾਰਡ 10 ਦੇ ਵਸਨੀਕ ਨਿਯੰਤਰਿਤ ਖਰਚਿਆਂ, ਪ੍ਰਬੰਧਨ ਯੋਗ ਟੈਕਸਾਂ, ਮੁੱਖ ਸੇਵਾਵਾਂ ਦੀ ਗੁਣਵੱਤਾ ਅਤੇ ਸੁਰੱਖਿਅਤ ਭਾਈਚਾਰਿਆਂ ਦੇ ਹੱਕਦਾਰ ਹਨ।

## ਲੋਕਾਂ ਦੀ ਸੇਵਾ ਰੋਸ਼ਨ ਚੁੰਬਰ ਦਾ ਜਨੂੰਨ ਹੈ

**ਪਿਛਲੇ ਦੋ ਦਹਾਕਿਆਂ ਤੋਂ, ਉਹ ਸਰਗਰਮੀ ਨਾਲ ਸ਼ਾਮਲ ਹੈ ਅਤੇ ਜਨਤਕ ਸੇਵਾਵਾਂ ਲਈ ਵਚਨਬੱਧ ਹੈ। ਉਸਨੇ ਬਹੁਤ ਸਾਰੇ ਭਾਈਚਾਰੇ ਅਤੇ ਚੈਰਿਟੀ ਬੋਰਡਾਂ ਦੇ ਚੇਅਰਮੈਨ ਅਤੇ ਪ੍ਰਧਾਨ ਵੱਜੋਂ ਸੇਵਾ ਨਿਭਾਈ ਹੈ ਕਿਉਂਕਿ ਉਹ ਸਮਾਜ ਨੂੰ ਵਾਪਸ ਦੇਣ ਦੇ ਮਹੱਤਵ ਵਿੱਚ ਵਿਸ਼ਵਾਸ ਰੱਖਦਾ ਹੈ।**

ਹੁਣ ਰੌਸ਼ਨ ਚੁੰਬਰ ਤੁਹਾਡੇ ਕੋਲੋਂ ਤੁਹਾਡੀ ਵੋਟ ਦੀ ਮੰਗ ਕਰਦਾ ਹੈ ਤਾਂ ਕਿ ਵਾਰਡ 10 ਦੇ ਅਧੂਰੇ ਵਿਕਾਸ, ਅਣਗੌਲੀਆਂ ਲੋੜੀਂਦੀਆਂ ਜ਼ਰੂਰੀ ਸੇਵਾਵਾਂ, ਹੁਣ ਤੱਕ ਬੇ-ਧਿਆਨ ਰਹੀਆਂ ਸਮੱਸਿਆਵਾਂ ਵੱਲ ਧਿਆਨ ਕੇਂਦਰਿਤ ਕੀਤਾ ਜਾ ਸਕੇ ।18 ਅਕਤੂਬਰ ਵਾਲੇ ਦਿਨ ਤੁਹਾਡੀ ਵੋਟ ਰੌਸ਼ਨ ਚੁੰਬਰ ਦੇ ਹੱਕ ਵਿੱਚ ਪਵੇਗੀ ਤਾਂ ਭਵਿੱਖ ਵਿੱਚ ਤੁਸੀਂ ਬੜੇ ਮਾਣ ਨਾਲ ਕਹਿ ਸਕੋਗੇ ਕਿ ਸਾਡਾ ਕੌਂਸਲਰ ਰੌਸ਼ਨ ਚੁੰਬਰ ਹੈ। ਐਬੀਡੇਲ, ਕੋਰਲ ਸਪਰਿੰਗਸ, ਮਾਰਲਬਰੋ, ਮਾਰਲਬਰੋ ਪਾਰਕ, ਮੇਲੈਂਡ ਹਾਈਟਸ, ਮੋਂਟੇਰੀ ਪਾਰਕ, ਪਾਈਨ ਰਿੱਜ, ਰੰਡਲ, ਟੈਂਪਲ, ਵਿਸਟਾ ਹਾਈਟਸ, ਅਤੇ ਵ੍ਹਾਈਟਹੌਰਨ ਸਮੇਤ 11 ਕਮਿਓਨਿਟੀਆਂ ਵਾਰਡ 10 ਵਿੱਚ ਆਉਂਦੀਆਂ ਹਨ।

2021 ELECTION CALGARY

Advance Voting
Oct. 4th to Oct. 10th
2021



VOTE
# CHUMBER
# ROSHAN
FOR COUNCILLOR
WARD 10
YOUR CHOICE FOR CHANGE

Voting On
October 18th 2021

## Reasons To Vote For Roshan Chumber

At this time of economic crisis City of Calgary and Ward 10 are in dire need of strong leadership. We have friends and neighbours without work for months, even years. We need to focus on what is important - more money in the hands of people.

Roshan Chumber is a father, a husband and a long time resident of NE Calgary. As a small business owner and a Real Estate Professional for last 20 years listening has been key to his success. Roshan Chumber knows how to listen first. He has worked with hundreds of families and business owners to help them prosper.

Roshan Chumber believes the job of Councillor is to represent ward 10 residents to Council NOT just report Council activity back to voters. He has talked to over 5000 Ward-10 residents about their concerns and will continue to do so as a City Councillor.

**www.RoshanChumber.ca**

Authorized by the Official agent for Roshan Chumber



ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES
FROM THE
$250s
DUPLEXES
FROM THE
$400s
LANED HOMES
FROM THE
$400s
FRONT GARAGE
FROM THE
$500s
REDSTONE
redstonecommunity.ca
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੁਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜ਼ਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




SOUTH POINTE TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

Vote
Elections Calgary

20-0009322 ADV-10458

## ਕੈਲਗਰੀ ਦੀਆਂ ਮਿਉਂਸੀਪਲ ਚੋਣਾਂ ਵਿੱਚ

# ਵੋਟ ਪਾਓ

ਅਡਵਾਂਸ ਵੋਟ: **4-10 ਅਕਤੂਬਰ, 2021**
ਚੋਣ ਦਾ ਦਿਨ: **18 ਅਕਤੂਬਰ, 2021**

**ਇਸ ਸਾਲ ਤੁਹਾਨੂੰ ਦੋ ਬੈਲੇਟ ਮਿਲਣਗੇ - ਇੱਕ ਮਿਉਂਸੀਪਲ ਅਤੇ ਇੱਕ ਪ੍ਰੋਵਿੰਸ਼ੀਅਲ ਬੈਲੇਟ।**

- ਵੋਟਰ ਮੇਅਰ, ਵਾਰਡ ਕੌਂਸਲਰਾਂ ਅਤੇ ਸਕੂਲ ਬੋਰਡ ਦੇ ਟਰੱਸਟੀਆਂ ਦੀ ਚੋਣ ਕਰਨਗੇ।
- ਵੋਟਰ ਸਾਡੇ ਪਾਣੀ ਵਿੱਚ ਫਲੋਰਾਈਡ ਮਿਲਾਏ ਜਾਣ 'ਤੇ ਵੋਟ ਪਾਉਣਗੇ।
- ਵੋਟਰ ਕੈਨੇਡਾ ਦੀ ਸੈਨੇਟ ਲਈ ਨਾਮਜ਼ਦ ਕੀਤੇ ਜਾਣ ਵਾਲੇ ਵਿਅਕਤੀਆਂ ਦੀ ਚੋਣ ਕਰਨਗੇ।
- ਵੋਟਰ ਸਮਾਨਤਾ (equalization) ਭੁਗਤਾਨਾਂ ਅਤੇ ਡੇ-ਲਾਈਟ-ਸੇਵਿੰਗ ਟਾਈਮ ਬਾਰੇ ਜਨਮਤਾਂ 'ਤੇ ਵੋਟ ਪਾਉਣਗੇ।



ਵਧੇਰੇ ਜਾਣਕਾਰੀ ਲਈ
**electionscalgary.ca** 'ਤੇ ਜਾਓ।

# ਆਓ ਅਸੀਂ ਸਟੈਨ ਸੰਧੂ ਜੋ ਕੈਲਗਰੀ ਦੇ ਵਾਰਡ 5 ਦਾ ਕੌਂਸਲਰ ਉਮੀਂਦਵਾਰ ਹੈ, ਦੇ ਬਾਰੇ ਜਾਣਕਾਰੀ ਹਾਸਿਲ ਕਰੀਏ



ਸਟੈਨ ਸੰਧੂ ਕੈਲਗਰੀ ਦੇ ਨਾਰਥ ਈਸਟ ਵਿੱਚ ਜੰਮਪਲ ਕੇ ਵੱਡਾ ਹੋਇਆ ਕੈਨੇਡੀਅਨ ਨਾਗਰਿਕ ਹੈ। ਕੈਲਗਰੀ ਦੇ ਲੈਸਟਰ ਬੀ ਪੀਅਰਸਨ ਹਾਈ ਸਕੂਲ ਤੋਂ ਬਾਦ ਉਸਨੇ ਕੈਲਗਰੀ ਯੂਨੀਵਰਸਿਟੀ ਤੋਂ ਐਕਚੁਰੀਅਲ ਸਾਇੰਸ ਵਿੱਚ ਬੀਐਸਸੀ ਦੇ ਨਾਲ ਗ੍ਰੈਜੂਏਸ਼ਨ ਕੀਤੀ। ਉਹ ਇੱਕ ਕਮਿਓਨਿਟੀ ਲੀਡਰ ਅਤੇ 2017 ਤੋਂ ਵਾਰਡ 5 ਦੇ ਦਫਤਰ ਵਿੱਚ ਚੀਫ ਆਫ ਸਟਾਫ ਰਿਹਾ ਹੈ ।ਇਸ ਸਮੇ ਦੌਰਾਨ ਬਹੁਤ ਸਾਰੇ ਸਕਾਰਾਤਮਕ ਨਿਵੇਸ਼ ਕੀਤੇ ਹਨ। ਉਹ ਜਜ਼ਬੇ,ਤਜ਼ਰਬੇ ਅਤੇ ਸਮਰਪਣ ਭਰਪੂਰ ਗੁਣਾਂ ਵਾਲਾ ਨੇਤਾ ਹੈ।

ਉਸਦੇ ਮਾਪੇ ਪੰਜਾਬ ਤੋਂ ਇੰਮੀਗਰਾਂਟ ਹੋਕੇ ਕਨੇਡਾ ਦੇ ਸ਼ਹਿਰ ਕੁਨੈਲ ਆਏ ਸਨ ਅਤੇ ਫਿਰ ਕੈਲਗਰੀ ਆ ਗਏ ਜ਼ੁਆਨ ਹੁੰਦੇ ਹੁੰਦੇ ਖੇਡਾਂ ਖੇਡਦਿਆਂ ਹੀ ਸਟੈਨ ਵਿੱਚ ਲੀਡਰਸਿੱਪ ਵਾਲੇ ਗੁਣ ਆ ਗਏ। ਟੀਮ ਵਰਕ ਕਰਦਿਆਂ ਨੇੜਲਿਆਂ ਦਾ ਖਿਆਲ ਰੱਖਣਾ, ਸੇਵਾ ਭਾਵਨਾ ਅਤੇ ਆਪਣੀਆਂ ਪਰਾਪਤੀਆ ਰਾਹੀ ਸਮਾਜ ਨੂੰ ਕੁੱਝ ਦੇਣ ਦੀ ਸੋਚ ਮਾਪਿਆਂ ਦੀ ਸਖਤ ਮਿਹਨਤੀ ਪਰਵਾਸੀ ਜਿੰਦਗੀ ਵਿੱਚੋਂ ਸਟੈਨ ਵਿੱਚ ਆਉਂਦੀ ਗਈ। ਇਹੀ ਕਾਰਣ ਸੀ ਗੜ੍ਹੇਮਾਰੀ ਦੌਰਾਨ ਲੋਕਾਂ ਦੀ ਰਿਕਵਰੀ ਦੇ ਮਸਲੇ, ਕੋਵਿਡ ਮਹਾਂਮਾਰੀ ਦੌਰਾਨ ਟੈਕਸੀ ਡਰਾਈਵਰਾਂ ਦੀਆਂ ਸਮੱਸਿਆਵਾਂ, ਬਜ਼ੁਰਗਾਂ ਲਈ ਪੋਰਟੇਬਲ ਵਾਸ਼ਰੂਮ, ਅਤੇ ਨਸਲਵਾਦ ਜਿਹੇ ਮਸਲਿਆਂ ਪ੍ਰਤੀ ਉਸਨੇ ਚਿੰਤਾ ਜਾਹਿਰ ਕਰਦਿਆਂ ਗਰਾਉਂਡ ਲੈਬਲ ਉੱਪਰ ਕੰਮ ਕੀਤਾ।

ਗੁਰਦਵਾਰਾ ਦਸਮੇਸ ਕਲਚਰਲ ਸੈਂਟਰ ਕੈਲਗਰੀ ਦੇ ਅੱਗਿਓਂ ਲੰਘਦੀ ਸੜ ਦਾ ਨਾਂ ਗੁਰਦਵਾਰਾ ਸਾਹਿਬ ਬੁਲੇਵਾਰਡ ਰੱਖਣ ਵਾਲੇ ਪ੍ਰੋਜੈਕਟ ਅਤੇ ਸੈਡਲਰਿੱਜ ਏਰੀਆ ਵਿੱਚ ਘਰੇਲੂ ਹਿੰਸਾ ਜਾਂ ਕਿਸੇ ਹੋਰ ਕਾਰਣ ਪੀੜਤ ਔਰਤਾਂ ਲਈ ਬਣਾਈ ਜਾਣ ਵਾਲੀ ਸੁਰੱਖਿਅਤ ਸਾਈਟ ਲਈ, ਭਵਿੱਖ ਦੀ ਜਗ੍ਹਾ ਪ੍ਰਾਪਤ ਕਰਨ ਵਿੱਚ ਵੀ ਸਹਾਇਤਾ ਕੀਤੀ ਹੈ ਜੋ ਜੋਖਮ ਭਰੀਆਂ ਹਾਲਤਾਂ ਵਿੱਚ ਔਰਤਾਂ ਨੂੰ ਸੁਰੱਖਿਅਤ ਰਿਹਾਇਸ਼ੀ ਮਾਹੌਲ ਅਤੇ ਡਾਕਟਰਾਂ, ਸਲਾਹਕਾਰਾਂ ਅਤੇ ਫਾਰਮਾਸਿਸਟਾਂ ਤੱਕ ਪਹੁੰਚ ਦੀ ਮੱਦਦ ਦੇਵੇਗੀ। ਕੰਟਰੀਹਿੱਲਜ਼ ਬੁਲੇਵਾਰਡ ਉੱਪਰ ਨਵੇਂ ਗੁਰੂਘਰ ਦੀ ਉਸਾਰੀ ਲਈ ਜਮੀਨ ਦਿਵਾਉਣ ਸਬੰਧੀ ਪ੍ਰੋਜੈਕਟ ਵਿੱਚ ਆਪਣਾ ਯੋਗਦਾਨ ਪਾਕੇ ਸਿਟੀਸਕੇਪ,ਸਕਾਈਵਿਊ ਰੈਂਚ,ਰੈਡਸਟੋਨ ਅਤੇ ਕਾਰਨਰ ਸਟੋਨ ਏਰੀਆ ਦੇ ਵਸਨੀਕਾਂ ਨੂੰ ਸੌਖਾਲਿਆ ਹੀ ਗੁਰੂਘਰ ਦੀਆਂ ਸੇਵਾਵਾਂ ਦੇ ਨੇੜੇ ਕੀਤਾ।

**ਕੌਂਸਲਰ ਜੌਰਜ ਚਾਹਲ ਦੇ ਦਫਤਰ ਵਿੱਚ ਸਿਟੀ ਆਫ ਕੈਲਗਰੀ ਵੱਲੋਂ ਉਲੀਕੇ ਗਏ ਪਰੋਗਰਾਮ ਸਟੈਨ ਸੰਧੂ ਦੀ ਨਜ਼ਰਸਾਨੀ ਹੇਠ ਹਨ। ਸੋ ਹੁਣ ਭਵਿੱਖ ਵਿੱਚ ਜਦੋਂ ਉਹਨਾਂ ਪ੍ਰੋਜੈਕਟਾਂ ਨੂੰ ਨੇਪਰੇ ਚਾੜਨ ਦਾ ਸਮਾਂ ਹੈ ਤਾਂ ਵਾਰਡ 5 ਦੇ ਵੋਟਰਾਂ ਨੂੰ ਅਪੀਲ ਹੈ ਕਿ ਆਉਣ ਵਾਲੀ 18 ਅਕਤੂਬਰ 2021 ਨੂੰ ਆਪਣਾ ਕੀਮਤੀ ਵੋਟ ਪਾਕੇ ਸਟੈਨ ਸੰਧੂ ਨੂੰ ਕੌਂਸਲਰ ਚੁਣਕੇ ਭੇਜੋ ।ਆਓ ਅਸੀਂ ਇਕੱਠੇ ਮਿਲ ਕੇ, ਨਾਰਥ ਈਸਟ ਦਾ ਵਿਕਾਸ ਕਰਾਂਗੇ, ਨੌਕਰੀਆਂ ਦੇ ਮੌਕੇ ਪੈਦਾ ਕਰਾਂਗੇ ਅਤੇ ਵਾਰਡ 5 ਦੀ ਸੁਰੱਖਿਆ ਵਿੱਚ ਸੁਧਾਰ ਕਰਾਂਗੇ। ਸਟੈਨ ਦਾ ਵਾਅਦਾ ਹੈ ਕਿ ਉਹ ਸਖਤ ਮਿਹਨਤ ਕਰੇਗਾ ਅਤੇ ਤੁਹਾਡੀ ਨੁਮਾਇੰਦਗੀ ਕਰੇਗਾ। ਸਟੈਨ ਇਹ ਯਕੀਨੀ ਬਣਾਏਗਾ ਕਿ ਨਾਰਥ ਈਸਟ ਕੈਲਗਰੀ ਪਿੱਛੇ ਨਾ ਰਹੇ। ਉਹ ਇੱਕ ਮਜ਼ਬੂਤ ਨਾਰਥ ਈਸਟ ਕੈਲਗਰੀ ਬਣਾਉਣਾ ਚਾਹੁੰਦਾ ਹੈ ।**

ਵਾਰਡ 5 ਵਿੱਚ ਕੈਸਲਿਰਿੱਜ, ਫਾਲਕਿਨਰਿੱਜ, ਮਾਰਟਿਨਡੇਲ, ਟੈਰਾਡੇਲ, ਸੈਡਲਰਿੱਜ, ਸਿਟੀਸਕੇਪ, ਸਕਾਈਵਿਊ ਰੈਂਚ,ਰੈਡਸਟੋਨ, ਕੌਰਨਰਸਟੋਨ,ਸਵਾਨਾ,ਅਤੇ ਹੋਮਸਟੀਡ ਤੋਂ ਇਲਾਵਾ ਕਮਰੀਸਲ ਅਤੇ ਇੰਡਸਟਰੀਅਲ ਏਰੀਆ ਵਿੱਚੋਂ ਵੈਸਟਵਿੰਡਜ਼,ਪੈਗਾਸੁਸ,ਸਕਾਈਲਾਈਨ ਈਸਟ,ਡੀਅਰਫੁੱਟ ਬਿਜਨਿਸ ਸੈਂਟਰ,ਸਟੋਨੀ-1,ਸਟੋਨੀ-2, ਸਟੋਨੀ-3, ਸਟੋਨੀ-4, ਸਟੋਨਗੇਟ ਲੈਂਡਿੰਗ, ਸੈਡਲਰਿੱਜ ਇੰਡਸਟਰੀਅਲ ਅਤੇ ਕੈਲਗਰੀ ਇੰਟਰਨੈਸਨਲ ਏਅਰਪੋਰਟ ਦਾ ਏਰੀਆ ਸਾਮਿਲ ਹੈ।

**Authorized by the Official agent for Stan Sandhu**

# ਦਾ ਇੰਡੀਆ ਕਰੀ ਰੀਜਾਇਨਾ ਵਾਲਿਆਂ ਦੇ ਖਾਣਿਆਂ ਨੂੰ ਲੋਕ ਇੰਨਾ ਪਸੰਦ ਕਿਉਂ ਕਰਦੇ ਹਨ !




ਹਰ ਇਨਸਾਨ ਹਰ ਰੋਜ ਖਾਣਾ ਤਾਂ ਖਾਂਦਾ ਹੈ ਪਰ ਕਈ ਵਾਰੀ ਖਾਣਾ ਖਾਣ ਦਾ ਸੁਆਦ ਇੰਨਾ ਜ਼ਿਆਦਾ ਆਉਂਦਾ ਹੈ ਕਿ ਖਾਧੇ ਹੋਏ ਖਾਣੇ ਦੀ ਪੜਚੋਲ ਸ਼ੁਰੂ ਹੋ ਜਾਂਦੀ ਹੈ ਕਿ ਆਖਿਰ ਇੰਨਾ ਸੁਆਦੀ ਖਾਣਾਂ ਬਣਿਆ ਕਿਵੇਂ ਹੈ? ਦਾ ਇੰਡੀਆ ਕਰੀ ਰੀਜਾਇਨਾ ਵਾਲਿਆਂ ਦਾ ਖਾਣਾ ਜੇਕਰ ਤੁਸੀਂ ਇੱਕ ਬਾਰ ਖਾ ਲਵੋ ਤਾਂ ਤੁਸੀਂ ਵੀ ਇਹ ਸਭ ਕੁੱਝ ਜਰੂਰ ਜਾਨਣਾ ਚਾਹੋਗੇ। ਆਓ ਫਿਰ ਤੁਹਾਨੂੰ ਅਸੀਂ ਪਹਿਲਾਂ ਹੀ ਦੱਸ ਦਿੰਦੇ ਹਾਂ ਕਿ ਉਹਨਾਂ ਦੇ ਸੁਆਦੀ ਖਾਣਿਆਂ ਦਾ ਕਾਰਣ ਕੀ ਹੈ:--

ਕੋਵਿਡ ਦੇ ਦਿਨਾਂ ਦੌਰਾਨ ਅਪਰੈਲ 2020 ਨਵੇਂ ਮਾਲਕੀ ਪਰਬੰਧਾਂ ਹੇਠ ਆਉਣ ਕਾਰਣ ਮਾਲਕਾਂ ਨੇ ਨੋਟ ਕੀਤਾ ਕਿ ਰੈਸਟੋਰੈਂਟ ਪੁਰਾਣਾ ਹੋ ਚੁੱਕਿਆ ਹੈ, ਬਫੇ ਅਨਪਾਪੂਲਰ ਹਨ। ਤਾਂ ਬਿਲਡਿੰਗ ਰੈਨੋਵੇਟ ਕਰਨੀ ਪਈ ਜੂਨ ਵਿੱਚ ਕਿਚਨ ਸ਼ੁਰੂ ਕੀਤੀ ਅਤੇ ਅਕਤੂਬਰ ਮਹੀਨੇ ਦੌਰਾਨ ਅੰਦਰ ਬੈਠਕੇ ਖਾਣ ਦਾ ਵੀ ਸੁਚੱਜਾ ਪਰਬੰਧ ਹੋ ਗਿਆ। ਰੈਸਟੋਰੈਂਟ ਦੀ ਤਜ਼ਰਬੇਕਾਰ ਮੈਨੇਜਰ ਹਰਲੀਨ ਗਰੇਵਾਲ ਦੀ ਸੁਚੱਜੀ ਦੇਖ ਰੇਖ ਹੇਠ ਨਵਾਂ ਸਟਾਫ ਭਰਤੀ ਕੀਤਾ ਗਿਆ ਪਰ ਅਸਲ ਗੱਲ ਸ਼ੈੱਫ ਅਤੇ ਮਾਲਕ ਕਪਿਲ ਜੱਗੀ ਦੇ ਆਉਣ ਨਾਲ ਹੀ ਬਣੀ ਜਿਸ ਦੇ ਕੋਲ ਆਸਟਰੇਲੀਆ ਤੋਂ ਸ਼ੈੱਫ ਟਰੇਨਿੰਗ ਦੀ ਰੈਡ ਸੀਲ ਡਿਗਰੀ ਹੈ। ਪੰਜ ਤਾਰਾ ਹੋਟਲਾਂ ਤਾਜ ਮਹਲ ਦਿੱਲੀ,ਅਤੇ ਆਸਟਰੇਲੀਆ ਦੇ ਨਾਮਵਰ ਹੋਟਲਾਂ ਸਮੇਤ ਜ਼ਿੰਦਗੀ ਵਿੱਚ 15 ਸਾਲ ਕੰਮ ਕਰਨ ਦਾ ਤਜ਼ਰੁਬਾ ਹੈ। ਸ਼ਾਮ ਦੀ ਸ਼ਾਮ ਰੰਗੀਨ ਕਰਨ ਲਈ ਨਵੀਂ ਬਣੀ ਬਾਰ ਵਿੱਚ ਵਾਈਨ , ਬੀਅਰ, ਸਕਾਚ, ਰੰ ਵਿਸਕੀ ਆਦਿ ਦੀ ਬੇਸ਼ੁਮਾਰ ਵਰਾਇਟੀ ਹੈ। ਹਰ ਵੇਲੇ ਤਾਜਾ ਬਣਦੇ ਖਾਣਿਆਂ ਵਿੱਚ ਦਾਲ ਮੱਖਣੀ,ਚਿਕਨ ਮਲਾਈ ਟਿੱਕਾ, ਸੋਇਆ ਚਾਪ ਮਲਾਈ ਟਿੱਕਾ,ਪਨੀਰ ਮੇਥੀ,ਆਦਿ ਨਵੇਂ ਖਾਣਿਆਂ ਦੀ ਲਿਸਟ ਵਿੱਚ ਬਹੁਤ ਕੁੱਝ ਹੈ। ਐਨ ਡੀ ਪੀ ਲੀਡਰ ਸ: ਜਗਮੀਤ ਸਿੰਘ ਵੀ ਇੱਕ ਬਾਰ ਇੱਥੇ ਖਾਣਾ ਖਾ ਕੇ ਗਿਆਂ ਤਾਂ ਉਸਨੇ ਆਪਣੇ ਇੰਨਸਟ੍ਰਾਗ੍ਰਾਮ ਪੇਜ ਉੱਪਰ ਇਸ ਰੈਸਟੋਰੈਂਟ ਦੇ ਖਾਣਿਆਂ ਅਤੇ ਇਹਨਾਂ ਦੀ ਮਹਿਮਾਨ ਨਿਵਾਜੀ ਦੀਆਂ ਸਿਫਤਾਂ ਕੀਤੀਆਂ । ਕਮਿਓਨਿਟੀ ਵੋਟ 2020 ਦੌਰਾਨ ਇਹਨਾਂ ਨੂੰ ਬੈਸਟ ਇੰਡੀਅਨ ਰੈਸਟੋਰੈਂਟ ਦਾ ਖਿਤਾਬ ਮਿਲਿਆ। ਇਹ ਪਹਿਲਾ ਇੰਡੀਅਨ ਰੈਸਟੋਰੈਂਟ ਹੈ ਜਿਸ ਨੂੰ ਖੁੱਲਣ ਉਪਰੰਤ ਇੱਕ ਸਾਲ ਦੇ ਅੰਦਰ ਅੰਦਰ ਹੀ ਤਿੰਨ ਐਵਾਰਡ ,ਬੈਸਟ ਇੰਡੀਅਨ ਰੈਸਟੋਰੈਂਟ,ਬੈਸਟ ਟੇਕ ਆਊਟ ਰੈਸਟੋਰੈਂਟ ਅਤੇ ਬੈਸਟ ਓਵਰਆਲ ਰੈਸਟੋਰੈਂਟ 2021 ਮਿਲੇ। ਟਰੈਵਲਰ ਚੋਆਇਸ ਐਵਾਰਡ 2021 (ਟਰਿੱਪ ਐਡਵਾਈਜ਼ਰ) ਦੁਨੀਆ ਦੇ 10 ਪ੍ਰਤੀਸਤ ਸਿਖਰਲੇ ਰੈਸਟੋਰੈਂਟਾਂ ਵਿੱਚ ਵੀ ਨਾਮ ਦਰਜ ਕਰਵਾਇਆ ਹੈ। ਘਰ ਜਾਕੇ ਖੁਦ ਬਾਰਬੀਕਿਊ ਕਰਨ ਲਈ ਮਸਾਲਾ ਲੱਗਿਆ ਹੋਇਆ ਚਿਕਨ ਵੀ ਮਿਲਦਾ ਹੈ। ਦਾ ਇੰਡੀਆ ਕਰੀ ਹਾਊਸ ਵਾਲਿਆਂ ਦੇ ਖਾਣੇ ਦਾ ਸੁਆਦ ਮਾਨਣ ਲਈ ਹੁਣ ਤਾਂ ਤੁਹਾਡਾ ਵੀ ਦਿਲ ਕਰ ਆਇਆ ਹੋਣੈ ਤਾਂ ਫਿਰ ਉਹਨਾਂ ਦਾ ਪਤਾ ਟਿਕਾਣਾ ਨੋਟ ਕਰ ਲਵੋ ।

**Da India Curry House**
**#806 Victoria Ave**
**Regina (SK) S4N0R6**
**306 522 1331**

















